**ਬੀ.ਏ ਭਾਗ ਤੀਜਾ** **ਸੁਰੱਖਿਆ ਅਤੇ ਯੁੱਧਨੀਤੀ ਅਧਿਐਨ**

**ਸਮੈਸਟਰ – ਪੰਜਵਾਂ**

**ਯੂਨਿਟ ਨੰਬਰ : 2**

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰਬਰ :**


2.1 : ਭਾਰਤ ਦੀ ਸੁਰੱਖਿਆ ਦੇ ਅੰਦਰੂਨੀ ਪੱਖ : ਰਾਜ ਵਿਦਰੋਹ ਅਤੇ ਅੱਤਵਾਦ

2.2 : ਆਰਥਿਕ ਗਤੀਸ਼ੀਲਤਾ

2.3 : ਯੁੱਧ ਸਮੇਂ ਯੋਜਨਾਬੰਦੀ ਅਤੇ ਉਤਪਾਦਨ

2.4 : ਭਾਰਤੀ ਰੱਖਿਆ ਉਤਪਾਦਨ


**ਨੋਟ:– ਵਿਦਿਆਰਥੀ ਵਿਭਾਗੀ ਵੈਬਸਾਈਟ www.pbidde.org ਤੋਂ ਸਿਲੇਬਸ ਡਾਊਨਲੋਡ ਕਰ ਸਕਦੇ ਹਨ।**

ਮਹੱਤਤਾ
ਰਾਜਨੀਤਿਕ

ਪਾਠ ਨੰ. : 2.1 ਸੈਕਸ਼ਨ-ਬੀ

# ਭਾਰਤ ਦੀ ਸੁਰੱਖਿਆ ਦੇ ਅੰਦਰੂਨੀ ਪੱਖ : ਰਾਜ ਵਿਦਰੋਹ ਅਤੇ ਅੱਤਵਾਦ

## (Internal Dimensions of India's Security : Insurgency & Terrorism)

ਰਾਸ਼ਟਰੀ ਸੁਰੱਖਿਆ ਦੇਸ਼ ਦੀ ਉਸ ਸਮੱਰਥਾ (Capability) ਤੇ ਨਿਰਭਰ ਕਰਦੀ ਹੈ ਜਿਸਦੇ ਨਾਲ ਉਹ ਬਾਹਰਲੇ ਅਤੇ ਅੰਦਰਲੇ ਖਤਰਿਆਂ (Threats) ਅਤੇ ਚੁਣੌਤੀਆਂ (Challanges) ਦਾ ਮੁਕਾਬਲਾ ਅਸਰਦਾਰ ਤਰੀਕਿਆਂ ਨਾਲ ਕਰ ਸਕੇ ਅਤੇ ਆਪਣੀ ਖੇਤਰੀ ਇਕਮੁੱਠਤਾ, ਪ੍ਰਭਸੱਤਾ (Sovereignty) ਅਤੇ ਸਥਿਰਤਾ (Stability) ਅਤੇ ਆਪਣੀ ਉਸਾਰੀ ਦੇ ਕੰਮ, ਸ਼ਾਂਤੀ ਅਤੇ ਆਪਣੀ ਅਣਖ ਨੂੰ ਸੁਰੱਖਿਅਤ ਰੱਖ ਸਕੇ।

ਅਰਨੋਲਡ ਵਾਲਫਰ (Arnold Wolfar) ਨੇ ਅੰਦਰੂਨੀ ਸੁਰੱਖਿਆ ਨੂੰ ਇਨ੍ਹਾਂ ਸ਼ਬਦਾਂ ਨਾਲ ਦੱਸਿਆ ਹੈ, "ਜਾਸੂਸੀ, ਤੋੜ ਫੋੜ, ਵਿਨਾਸ਼ਕਾਰੀ ਕਾਰਵਾਈਆਂ ਤੇ ਰੋਕ ਲਗਾਉਣੀ ਭਾਵੇਂ ਵਿਅਕਤੀ ਕਰ ਰਹੇ ਹੋਣ ਜਾਂ ਕੁਝ ਸੰਸਥਾਵਾਂ, ਜੋ ਕਿ ਸ਼ਾਂਤੀ ਸਮੇਂ ਜਾਂ ਯੁੱਧ ਦੇ ਮਹੌਲ ਵਿਚ ਉਸ ਦੀ ਸੁਰੱਖਿਆ ਤੇ ਮਾੜਾ ਅਸਰ ਪਾ ਰਹੀਆਂ ਹੋਣ।"ਆਜ਼ਾਦੀ ਦੇ ਮਗਰੋਂ ਅਤੇ ਵਿਕਾਸ ਦੇ ਕੰਮਾਂ ਨੂੰ ਕਰਦੇ ਹੋਏ ਭਾਰਤ ਨੂੰ ਕਈ ਅੰਦਰੂਨੀ ਸੁਰੱਖਿਆ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਜਿਵੇਂ ਕਿ ਨਸਲੀ ਤਨਾਉ (Ethnic Tension) ਅਤੇ ਹਿੰਸਾ, ਜਿਹੜੀ ਕਿ ਵੱਖ-ਵੱਖ ਜਾਤੀਆਂ ਵਿਚ ਚਲਦੀਆਂ ਰਹਿੰਦੀਆਂ ਹਨ, ਧਾਰਮਿਕ ਤਨਾਉ (Fanaticism) ਅਤੇ ਪੱਖਪਾਤ ਆਦਿ। ਭਾਰਤ ਨੂੰ ਇਸ ਪੱਖ ਤੋਂ ਸਭ ਤੋਂ ਵੱਡਾ ਖਤਰਾ, ਖੇਤਰਵਾਦ ਅਤੇ ਅਲੱਗਵਾਦ, ਜਿਹੜੇ ਕਿ ਹੁਣ ਤੱਕ ਕਿਸੇ ਨਾ ਕਿਸੇ ਰੂਪ ਵਿਚ ਚੱਲ ਰਹੇ ਹਨ, ਤੋਂ ਹੈ। ਇਸ ਵਰਗ ਵਿਚ ਜਿਹੜੇ ਅੰਦੋਲਨ ਆਉਂਦੇ ਹਨ, ਉਹ ਹਨ ਨਕਸਲਾਈਟ ਗਤੀਵਿਧੀਆਂ, ਸਰਕਾਰ ਦੇ ਖਿਲਾਫ ਅੱਤਵਾਦ ਅਤੇ ਬਗਾਵਤ ਜਿਹਨਾਂ ਨੂੰ ਅਸੀਂ ਰਾਸ਼ਟਰੀ ਏਕਤਾ ਅਤੇ ਅਖੰਡਤਾ ਲਈ ਖਾਸ ਖਤਰਾ ਸਮਝਦੇ ਹਾਂ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਦੇ ਪਿੱਛੇ ਰਾਜਨੀਤਿਕ, ਸਿਧਾਂਤਕ ਅਤੇ ਆਰਥਿਕ ਆਧਾਰ ਆਦਿ ਕੁਝ ਤੱਤ ਹੁੰਦੇ ਹਨ, ਜਿਸ ਦੇ ਨਾਲ ਲੋਕ ਸੰਗਠਿਤ ਹੋ ਕੇ ਹੌਲੀ-ਹੌਲੀ ਹਿੰਸਾ (Violence), ਕਤਲੋਗਾਰਦ, ਲੁੱਟਮਾਰ ਅਤੇ ਸਰਕਾਰ ਦੀ ਖੁਲ੍ਹੀ ਖਿਲਾਫਤ ਕਰਨ ਦੇ ਲਈ ਮਜਬੂਰ ਹੋ ਜਾਂਦੇ ਹਨ। ਕਈ ਅੰਦੋਲਨ ਇੰਨੇ ਤਾਕਤਵਾਰ ਹੁੰਦੇ ਹਨ ਕਿ ਉਹ ਦੇਸ਼ ਤੋਂ ਅਲੱਗ ਹੀ ਹੋਣਾ ਚਾਹੁੰਦੇ ਹਨ ਅਤੇ ਮੰਤਵ ਨੂੰ ਪ੍ਰਾਪਤ ਕਰਲ ਲਈ ਲੜਾਈ ਦਾ ਲੰਬਾ ਦੌਰ ਸ਼ੁਰੂ ਕਰਦੇ ਹਨ, ਜਿਹੜੇ ਕਿ ਰਾਜ ਵਿਦਰੋਹ (Insurgency) ਦਾ ਰੂਪ ਧਾਰਨ ਕਰ ਲੈਂਦੇ ਹਨ। ਕਈ ਥਾਵਾਂ ਤੇ ਇਹ ਬੜੇ ਲੰਮੇ ਸਮੇਂ ਤੋਂ ਚਲਿਆ ਆਇਆ ਹੈ ਅਤੇ ਉਹਨਾਂ ਤੇ ਰੋਕ ਲਾਉਣ ਤੇ ਸਰਕਾਰ ਨੂੰ ਆਪਣੀ ਕਾਫ਼ੀ ਫ਼ੌਜੀ ਤਾਕਤ ਦਾ ਇਸਤੇਮਾਲ ਕਰਨਾ ਪਿਆ ਹੈ। ਜਿਵੇਂ ਕਿ ਭਾਰਤ ਦੇ ਉੱਤਰੀ-ਪੂਰਬੀ ਰਾਜਾਂ ਵਿਚ ਨਾਗਾਲੈਂਡ, ਮਨੀਪੁਰ, ਤ੍ਰਿਪੁਰਾ, ਮਿਜ਼ੋਰਮ ਵਰਗੇ ਸੂਬੇ ਰਹੇ ਹਨ, ਜਿਨ੍ਹਾਂ ਦੀਆਂ ਵੱਖ-ਵੱਖ ਮੰਗਾਂ ਰਹੀਆਂ ਹਨ ਅਤੇ ਇਸ ਦੇ ਵਿਚ ਕਈਆਂ ਨੂੰ ਸੈਨਿਕ ਕਾਰਵਾਈ ਅਤੇ ਰਾਜਨੀਤਿਕ ਕਾਰਵਾਈ ਨਾਲ ਸੁਲਝਾਇਆ ਵੀ ਗਿਆ ਹੈ। ਕੁਝ ਥਾਵਾਂ ਤੇ ਹੋਈਆਂ ਕੁਝ ਪ੍ਰਾਪਤੀਆਂ ਨੂੰ ਦੇਖ ਕੇ ਹੋਰ ਥਾਵਾਂ ਤੇ ਵੀ ਇਹ ਸਿਲਸਿਲਾ ਸ਼ੁਰੂ ਹੋਇਆ ਹੈ ਜਿਸ ਵਿਚ ਜੰਮੂੰ-ਕਸ਼ਮੀਰ, ਆਸਾਮ ਅਤੇ ਪੰਜਾਬ ਦੇ ਪ੍ਰਾਂਤ ਆ ਜਾਂਦੇ ਹਨ। ਇਹ ਮੁਸ਼ਕਲਾਂ 1980 ਦੇ ਦਹਾਕੇ ਜਾਂ ਇਸ ਤੋਂ ਪਹਿਲਾਂ ਉਭਰ ਕੇ ਸਾਹਮਣੇ ਆਈਆਂ ਹਨ। ਇਹਨਾਂ ਸਾਰੇ ਅੰਦੋਲਨਾਂ ਵਿਚ ਇਹ ਸੋਚਣ ਵਾਲੀ ਗੱਲ ਹੈ ਕਿ ਇਨ੍ਹਾਂ ਅੰਦੋਲਨਾਂ ਦੇ ਪਿੱਛੇ ਵਿਦੇਸ਼ੀ ਤਾਕਤਾਂ ਦੀ ਕੀ ਭੂਮਿਕਾ ਰਹੀ ਹੈ, ਜਿਨ੍ਹਾਂ ਵਿਚ ਚੀਨ ਅਤੇ ਪਾਕਿਸਤਾਨ ਆਦਿ ਸ਼ਾਮਿਲ ਹਨ। ਕਈ ਵਾਰ ਬੰਗਲਾ ਦੇਸ਼ ਵੀ ਆਸਾਮ ਦੀ ਉਲਫਾ ਫਰੰਟ ਨੂੰ ਮਦਦ ਦਿੰਦਾ ਰਿਹਾ ਹੈ। ਇਸ ਦੇ ਨਾਲ ਸਮੱਸਿਆਵਾਂ ਦਾ ਹੱਲ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ, ਕਿਉਂਕਿ ਉਹਨਾਂ ਨੂੰ ਭਰਪੂਰ ਫੌਜੀ ਮਦਦ, ਸਲਾਹ ਅਤੇ ਲੜਾਈ ਦੇ ਤਰੀਕੇ ਸਿਖਾ ਕੇ ਭੇਜਿਆ ਜਾਂਦਾ ਹੈ। ਨਾਗਾ ਅੱਤਵਾਦੀਆਂ ਦੇ ਪਿੱਛੇ

ਉੱਤਰੀ ਬਰਮਾ, ਜਿਹੜਾ ਕਿ ਕਮਿਊਨਿਸਟਾਂ ਦੇ ਕਾਬੂ ਹੇਠ ਹੈ, ਦੀ ਵੀ ਚੀਨ ਦੇ ਨਾਲ ਸੰਪਰਕ ਕਾਇਮ ਕਰਨ ਲਈ ਪ੍ਰਮੁੱਖ ਭੂਮਿਕਾ ਰਹੀ ਹੈ। ਇਨ੍ਹਾਂ ਸਮੱਸਿਆਵਾਂ ਨੂੰ ਖ਼ਤਮ ਕਰਨ ਦੇ ਲਈ ਪਹਿਲਾਂ ਅਰਧ ਸੈਨਿਕ ਦਲ ਅਤੇ ਫੌਜ ਦੀਆਂ ਕੁਝ ਟੁਕੜੀਆਂ ਨੂੰ ਇਨ੍ਹਾਂ ਇਲਾਕਿਆਂ ਵਿਚ ਭੇਜਿਆ ਗਿਆ ਤਾਂ ਕਿ ਉਹ ਖਤਰਿਆਂ ਦਾ ਬਹਾਦਰੀ ਅਤੇ ਉੱਚੇ ਹੌਸਲੇ ਨਾਲ ਮੁਕਾਬਲਾ ਕਰ ਸਕਣ। ਇਸ ਤਰ੍ਹਾਂ ਦੀਆਂ ਸਮੱਸਿਆਵਾਂ ਜਿਹੜੀਆਂ ਕਿ ਬੜੀਆਂ ਗੁੰਝਲਦਾਰ ਸਨ, ਨੂੰ ਨਜਿੱਠਣ ਲਈ ਭਾਰਤ ਨੂੰ ਆਪਣੀਆਂ ਵਿਕਾਸ ਗਤੀਵਿਧੀਆਂ ਵਿਚ ਕਾਫ਼ੀ ਪੈਸਾ ਇਨ੍ਹਾਂ ਸਮੱਸਿਆਵਾਂ ਦੀ ਰੋਕਥਾਮ ਲਈ ਖਰਚਣਾ ਪਿਆ। ਹੁਣ ਹਾਲਾਤ ਇਹ ਹਨ ਕਿ ਭਾਰਤ ਦੇ ਸਾਲਾਨਾ ਬਜਟ ਵਿਚ ਸੁਰੱਖਿਆ ਖਰਚੇ ਲਈ ਹੋਰ ਵੀ ਜ਼ਿਆਦਾ ਪੈਸਾ ਰੱਖਣਾ ਪਿਆ ਹੈ। ਇਸ ਸਾਲ ਦੇ ਫੌਜੀ ਬਜਟ ਨੂੰ ਵਧਾਉਣਾ ਪਿਆ ਹੈ। ਇਸ ਦੇ ਉਲਟ ਵੱਖ-ਵੱਖ ਸੂਬਿਆਂ ਨੇ ਆਪਣੇ ਕਮਾਂਡੋ ਬਟਾਲੀਅਨਾਂ ਵੀ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਤਰ੍ਹਾਂ ਸੂਬਿਆਂ ਦੀ ਆਰਥਿਕ ਤਰੱਕੀ ਤੇ ਵੀ ਮਾੜਾ ਅਸਰ ਪਿਆ ਹੈ ਅਤੇ ਇਨ੍ਹਾਂ ਕਰਕੇ ਹੀ ਭਾਰਤ ਦਾ ਅੰਤਰ ਰਾਸ਼ਟਰੀ ਕਰਜ਼ਾ ਵੀ ਹੋਰ ਜ਼ਿਆਦਾ ਵਧਿਆ ਹੈ। ਹੁਣ ਅਸੀਂ ਬਗਾਵਤ ਅਤੇ ਅੱਤਵਾਦ ਬਾਰੇ ਪੜਾਂਗੇ।

## ਬਗਾਵਤ (Insurgency)

ਆਧੁਨਿਕ ਜੰਗਬਾਜੀ ਰਾਜਨੀਤਿਕ, ਆਰਥਿਕ, ਮਨੋਵਿਗਿਆਨਕ ਅਤੇ ਸੈਨਿਕ ਕ੍ਰਿਆਵਾਂ ਦਾ ਇਕ ਸਮੂਹ ਹੈ ਜਿਸ ਦਾ ਉਦੇ ਸ਼ ਕਿਸੇ ਦੇਸ਼ ਵਿਚ ਸਥਾਪਿਤ ਸੱਤਾ ਨੂੰ ਉਲਟ ਕੇ ਉਸ ਦੀ ਥਾਂ ਤੇ ਦੂਜੀ ਸੱਤਾ ਸਥਾਪਿਤ ਕਰਨਾ ਹੁੰਦਾ ਹੈ। ਆਪਣੇ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਹਮਲਾਵਰ ਉਥੋਂ ਦੀ ਜਨਤਾ ਵਿਚ ਅੰਦਰੂਨੀ ਗੜਬੜ ਪੈਦਾ ਕਰਕੇ ਉਹਨਾਂ ਦੇ ਸਿਧਾਂਤਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਹੋਰ ਕਈ ਮਤਭੇਦ ਪੈਦਾ ਕਰਦਾ ਹੈ। ਅਜਿਹੀ ਸਥਿਤੀ ਵਿਚ ਹਮਲਾਵਰ ਨੂੰ ਬਾਗੀ (Insurgent) ਅਤੇ ਉਸ ਦੀਆਂ ਗਤੀਵਿਧੀਆਂ ਨੂੰ ਬਗਾਵਤ (Insurgency) ਕਿਹਾ ਜਾਂਦਾ ਹੈ। ਬਗਾਵਤ (Insurgency) ਦੇ ਵਿਰੁੱਧ ਕੀਤੀ ਗਈ ਕਾਰਵਾਈ ਨੂੰ (Counter Insurgency) ਕਿਹਾ ਜਾਂਦਾ ਹੈ। Lt. Col. V.K. Anand ਦੇ ਅਨੁਸਾਰ, "Insuggency is not a phenomenon but an improvised process of struggle in which the violence is thoroughly organised and controlled and the intangibles play a crucial role."

Random House Dictionary ਵਿਚ Insurgency ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ- "The term insurgency itself merely conveys an insurrection against the government by a group not recognised as belligerent."

A.M. Scott ਦੇ ਅਨੁਸਾਰ, "Insurgency is irregular-warfare plus politics, Irregular warfare is insurgency minus politics."

## ਬਗਾਵਤ (Insurgency) ਦੀਆਂ ਵਿਸ਼ੇਸ਼ਤਾਵਾਂ

**1. ਉਦੇਸ਼ :** ਬਗ਼ਾਵਤ ਦਾ ਪਹਿਲਾ ਉਦੇਸ਼ ਜਨਤਾ ਦਾ ਸਹਿਯੋਗ ਹਾਸਿਲ ਕਰਨਾ ਹੁੰਦਾ ਹੈ। ਉਹ ਅਜਿਹੇ ਕੰਮ ਕਰਕੇ ਹਨ ਜਿਸ ਨਾਲ ਉਥੋਂ ਦੇ ਲੋਕ ਸਰਕਾਰ ਤੋਂ ਅਲੱਗ ਹੋ ਜਾਂਦੇ ਹਨ ਤੇ ਉਹਨਾਂ ਨੂੰ ਜੰਗ ਜਿੱਤਣੀ ਸੌਖੀ ਹੋ ਜਾਂਦੀ ਹੈ।

**2. ਬਗ਼ਾਵਤ ਇਕ ਰਾਜਨੀਤਿਕ ਜੰਗ ਹੈ :** ਹਰ ਇਕ ਸਿਧਾਂਤਕ ਤੌਰ ਤੇ ਰਾਜਨੀਤਿਕ ਉਦੇਸ਼ ਦੀ ਪ੍ਰਾਪਤੀ ਲਈ ਲੜੀ ਜਾਂਦੀ ਹੈ। ਇਸੇ ਤਰ੍ਹਾਂ ਬਗ਼ਾਵਤ ਵਿਚ ਵੀ ਇਕ ਰਾਜਨੀਤਕ ਉਦੇਸ਼ ਹੁੰਦਾ ਹੈ।

**3. ਸ਼ਾਂਤੀ ਤੋਂ ਜੰਗ ਵੱਲ ਵੱਧਣਾ :** ਬਾਗ਼ੀ ਸ਼ੁਰੂ-ਸ਼ੁਰੂ ਵਿਚ ਜ਼ਿਆਦਾ ਤਾਕਤਵਾਰ ਨਹੀਂ ਹੁੰਦੇ। ਇਹਨਾਂ ਨੂੰ ਰਾਜਨੀਤਿਕ ਸ਼ਕਤੀ ਦੇ ਰੂਪ ਵਿਚ ਆਉਣ ਲਈ ਕਈ ਸਾਲ ਲੱਗ ਜਾਂਦੇ ਹਨ।

**4. ਇਹ ਜੰਗ ਲੰਬੀ ਹੁੰਦੀ ਹੈ :** ਕਿਉਂਕਿ ਬਗ਼ਾਵਤ ਕਰਨ ਲਈ ਕ੍ਰਾਂਤੀਕਾਰੀ ਅੰਦੋਲਨ ਸੰਗਠਤ ਕਰਨ ਲਈ

ਕਈ ਸਾਲ ਲਗ ਜਾਂਦੇ ਹਨ। ਆਪਣੇ ਵਿਰੋਧੀ ਦੀ ਤੁਲਨਾ ਵਿਚ, ਉਸ ਦੇ ਬਰਾਬਰ ਸੈਨਿਕ ਸੰਗਠਨ ਬਣਾਉਣ ਵਿਚ ਤੇ ਜਿੱਤ ਹਾਸਿਲ ਕਰਨ ਵਿਚ ਬਹੁਤ ਸਮਾਂ ਲਗਦਾ ਹੈ। ਉਦਾਹਰਣ ਦੇ ਤੌਰ ਤੇ, ਚੀਨ ਦਾ ਕ੍ਰਾਂਤੀਕਾਰੀ ਯੁੱਧ 22 ਸਾਲ ਅਤੇ ਮਲਾਯਾ ਦੀ ਜੰਗ 12 ਸਾਲ ਤੱਕ ਚਲੀ।

**5. ਬਗਾਵਤ ਸਸਤੀ ਅਤੇ ਬਗਾਵਤ-ਰੋਕੂ ਮੁਹਿੰਮ ਮਹਿੰਗੀ ਹੁੰਦੀ ਹੈ :** ਜੇਨਜ ਡਿਕਸ਼ਨਰੀ ਆਫ਼ ਮਿਲਟਰੀ ਟਰਮਜ਼ ਦੇ ਅਨੁਸਾਰ, 'Insurgency' ਸਰਕਾਰ ਦੇ ਖਿਲਾਫ ਇਕ ਤਰ੍ਹਾਂ ਦਾ ਰਾਜ-ਵਿਦਰੋਹ ਹੈ ਜਿਹੜੀ ਕਿ ਗ੍ਰਹਿ ਯੁੱਧ ਤੋਂ ਥੋੜ੍ਹੀ ਜਿਹੀ ਵੱਖ ਹੈ। ਇਸ ਦੇ ਵਿਚ ਕੁਝ ਤਰ੍ਹਾਂ ਦੇ ਤੱਤ ਹੁੰਦੇ ਹਨ ਜਿਹਨਾਂ ਨੂੰ ਉਥੋਂ ਦੀ ਵਸੋਂ ਤੋਂ ਹੌਸਲਾ ਅਫਜ਼ਾਈ ਮਿਲਦੀ ਹੈ, ਜਿਹੜੇ ਕਿ ਉਥੋਂ ਦੀ ਜਨਤਾ ਦੇ ਕਾਫੀ ਭਾਗ ਨੂੰ ਸਰਕਾਰ ਦੀ ਖਿਲਾਫਤ ਕਰਨੀ, ਭੰਨ-ਤੋੜ ਅਤੇ ਅਤਿਵਾਦੀ ਕਾਰਵਾਈ ਲਈ ਪ੍ਰੇਰਿਤ ਕਰਦੇ ਹਨ, ਜਿਸ ਨਾਲ ਉਥੇ ਦੀ ਸਰਕਾਰ ਦਾ ਤਖਤਾ ਪਲਟਿਆ ਜਾ ਸਕੇ। ਇਸ ਤਰ੍ਹਾਂ ਬਗਾਵਤ ਕਰਨ ਵਾਲੇ ਗੁਰੱਪਾਂ ਵਿਚੋਂ ਕਾਰਵਾਈ (operation) ਕਰਦੇ ਹਨ ਅਤੇ ਉਥੇ ਦੀ ਸਰਕਾਰ ਦੀ ਖਿਲਾਫਤ ਕਰਦੇ ਹਨ ਅਤੇ ਕੁਝ ਸੈਨਿਕ ਢੰਗਾਂ ਅਤੇ ਤਕਨੀਕਾਂ ਦੀ ਵਰਤੋਂ ਕਰਦੇ ਹਨ ਅਤੇ ਉਸ ਮੁਲਕ ਦੀ ਪੁਲਿਸ ਅਤੇ ਸੈਨਾ ਦੇ ਨਾਲ ਮੁਕਾਬਲਾ ਕਰਦੇ ਹਨ।

ਉਸ ਸਮੇਂ ਦੇ ਮੁਤਾਬਕ ਜਿਹੜਾ ਕਿ ਅਸੀਂ ਪਹਿਲਾਂ ਲਿਖ ਚੁੱਕੇ ਹਾਂ, "ਅੱਤਵਾਦ ਉਸ ਨੂੰ ਕਿਹਾ ਜਾਂਦਾ ਹੈ ਜਿਸਦੇ ਵਿਚ ਕੁਝ ਸ਼ਬਦ ਸ਼ਾਮਿਲ ਕਰਕੇ ਅਤੇ ਭਰਪੂਰ ਹਿੰਸਾ ਭਾਵੇਂ ਇਕ ਵਿਅਕਤੀ ਕਰੇ ਜਾਂ ਇਕ ਗਰੁੱਪ। ਇਸ ਮੰਤਵ ਦੇ ਨਾਲ ਉਹ ਲੋਕਾਂ ਨੂੰ ਡਰਾ ਧਮਕਾ ਸਕੇ ਅਤੇ ਆਪਣੇ ਰਾਜਨੀਤਿਕ ਹਿੱਤਾਂ ਦੀ ਪੂਰਤੀ ਕਰੇ। ਇਹ ਇਸ ਤਰ੍ਹਾਂ ਦਾ ਕ੍ਰਿਆਕਲਪ (Phenomenon) ਹੈ ਜਿਸ ਦੇ ਵਿਚ ਲੋਕਾਂ ਵਿਚ ਦਹਿਸ਼ਤ ਪੈਦਾ ਕੀਤੀ ਜਾਂਦੀ ਹੈ ਕਿ ਉਹ ਉਹਨਾਂ ਤੋਂ ਡਰਨ ਲੱਗਣ ਅਤੇ ਉਹਨਾਂ ਦਾ ਵਿਰੋਧ ਨਾ ਕਰਨ।

ਜੇ ਅੱਤਵਾਦ ਨੂੰ ਸਮੇਂ ਸਿਰ ਨਹੀਂ ਰੋਕਿਆ ਜਾਂਦਾ ਅਤੇ ਲੰਬੇ ਚਿਰ ਵਾਸਤੇ ਕਾਮਯਾਬੀ ਨਾਲ ਚਲ ਜਾਏ ਤਾਂ ਫਿਰ ਇਹ ਕਈ ਵਾਰੀ ਰਾਜ-ਵਿਦਰੋਹ ਦਾ ਰੂਪ ਲੈ ਲੈਂਦਾ ਹੈ, ਜਿਹੜਾ ਲੋਕਾਂ ਦੀ ਰਾਜਨੀਤਿਕ ਅਤੇ ਆਰਥਿਕ ਅਸਮਾਨਤਾ ਲਈ ਜੰਗ ਕਹਿਲਾਉਂਦੀ ਹੈ। ਸਰਕਾਰ ਦੇ ਪ੍ਰਤੀ ਖਿਲਾਫਤ ਆਜ਼ਾਦੀ ਦੀ ਲੜਾਈ ਮੰਨੀ ਜਾਂਦੀ ਹੈ ਅਤੇ ਅੱਤਵਾਦ ਇਸ ਮੰਤਵ ਲਈ ਇਕ ਸ਼ਸਤਰ ਦੇ ਤੌਰ ਤੇ ਵਰਤਿਆ ਜਾਂਦਾ ਹੈ। ਇਸ ਕਰਕੇ ਕਈ ਵਾਰ ਅੱਤਵਾਦ ਅਤੇ ਬਗ਼ਾਵਤ (Insurgency) ਨੂੰ ਬਹੁਤ ਨਿਸ਼ਚਿਤ ਰੂਪ (Precisely) ਵਿਚ ਪ੍ਰਭਾਸ਼ਿਤ ਕਰਨਾ ਮੁਸ਼ਕਿਲ ਕੰਮ ਹੈ।

## ਅੱਤਵਾਦ (Terrorism)

ਅੱਤਵਾਦ ਸੰਸਾਰ ਦੀ ਇਕ ਅਜਿਹੀ ਸਮੱਸਿਆ ਹੈ ਜਿਸ ਨੇ ਸਾਰੀ ਅੰਤਰ-ਰਾਸ਼ਟਰੀ ਸਮਾਜ ਦੀ ਸੁਰੱਖਿਆ ਵਿਵਸਥਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਜੇ. ਮਾਲਿਨ ਨੇ ਮਾਉ, ਫਿਦਲ ਕਾਸਤਰੋ ਅਤੇ ਫਿਲੀਸਤੀਨੀ ਕਾਰਵਾਈਆਂ ਦਾ ਗੂੜ੍ਹ ਅਧਿਐਨ ਕਰਦਿਆਂ ਅੱਤਵਾਦ ਨੂੰ ਹੀ ਇਸ ਤਰ੍ਹਾਂ ਪਰਿਭਾਸ਼ਾ ਦਿੱਤੀ ਹੈ, ਅੱਤਵਾਦ ਇਕ ਤਰ੍ਹਾਂ ਦਾ ਅਜਿਹਾ ਸੈਨਿਕ ਸੰਘਰਸ਼ (Armed Struggle) ਹੈ ਇਸ ਲਈ ਇਸ ਨੂੰ ਸੈਨਿਕ ਕਾਰਵਾਈ ਮੰਨਿਆ ਜਾਣਾ ਚਾਹੀਦਾ ਹੈ। ਜਦ ਰਾਜਨੀਤਿਕ ਹਲ ਨਹੀਂ ਲੱਭਦੇ ਤਾਂ ਸੈਨਿਕ ਕਾਰਵਾਈ ਸ਼ੁਰੂ ਕਰਦੇ ਹਨ ਅਤੇ ਜਦੋਂ ਸੈਨਿਕ ਅਸਫ਼ਲ ਰਹਿੰਦੇ ਹਨ ਤਾਂ ਉਸ ਦੀ ਜਗ੍ਹਾ ਅੱਤਵਾਦੀ ਲੈ ਲੈਂਦੇ ਹਨ।" Terrorism is a form of conflict it is, therefore, within military sphere. When diplomats fails, soldiers take over. When soldiers fail, terrorists take over। ਇਸ ਤੋਂ ਇਲਾਵਾ Lt. Col. V.K. Anand ਨੇ ਅੱਤਵਾਦ ਦੀ ਪਰਿਭਾਸ਼ਾ ਦਿੰਦਿਆਂ ਲਿਖਿਆ ਹੈ ਕਿ "Terrorism is described as the art of compelling an individual, group or authority to adopt a particular disposition or accept the imposed demands under conditions of fear created by passive action or violence demonstrated, theaeed or implies."

Edward F. Micklous ਨੇ ਆਪਣੇ ਪ੍ਰਸਿੱਧ ਲੇਖ Statistical Approaches to the Study of

Terrorism ਵਿਚ ਅੱਤਵਾਦ ਨੂੰ ਚਾਰ ਹਿੱਸਿਆਂ ਵਿਚ ਵੰਡਿਆਂ ਹੈ- ਦੇਸ਼ਾਂ ਦਾ ਆਪਸੀ ਅੱਤਵਾਦ, ਅੰਦਰੂਨੀ ਅਤੇ ਅਸਥਾਈ ਅੱਤਵਾਦ, ਘਰੇਲੂ ਅਤੇ ਰਾਸ਼ਟਰ ਆਧਾਰਿਤ ਅੱਤਵਾਦ ਅਤੇ ਰਾਸ਼ਟਰੀ ਅੱਤਵਾਦ, ਪਰ ਮੂਲ ਰੂਪ ਵਿਚ ਅੱਤਵਾਦ ਦੋ ਕਿਸਮਾਂ ਦਾ ਹੁੰਦਾ ਹੈ-

1. ਰਾਜ ਪੱਧਰੀ ਅੱਤਵਾਦ (National Terrorism)
2. ਅੰਤਰ-ਰਾਸ਼ਟਰੀ ਅੱਤਵਾਦ (International Terrorism)

ਸਾਰੇ ਅੱਤਵਾਦੀ ਗਰੁੱਪਾਂ ਦੀਆਂ ਗਤੀਵਿਧੀਆਂ ਦਾ ਉਦੇਸ਼ ਉਹਨਾਂ ਸਾਰੇ ਲੋਕਾਂ ਤੋਂ ਬਦਲਾ ਲੈਣਾ ਹੁੰਦਾ ਹੈ ਜੋ ਉਹਨਾਂ ਦੇ ਟੀਚੇ ਦੀ ਪ੍ਰਾਪਤੀ ਵਿਚ ਕਿਸੇ ਵੀ ਤਰ੍ਹਾਂ ਦਾ ਰੋੜਾ ਅਟਕਾਉਂਦੇ ਹਨ। ਹਾਲਾਂਕਿ ਅੱਤਵਾਦੀਆਂ ਵਿਚ ਆਮ ਤੌਰ ਤੇ ਸਾਰੇ ਉਦੇਸ਼ ਗੈਰ-ਕਾਨੂੰਨੀ, ਭੰਨ-ਤੋੜ ਵਾਲੇ ਅਤੇ ਅਨੈਤਿਕ ਹੁੰਦੇ ਹਨ, ਪਰ ਕਦੀ-ਕਦੀ ਉਹ ਨਿਸ਼ਚਿਤ ਜਾਤੀ ਮਾਮਲਿਆਂ ਦੇ ਹੱਲ, ਸਮਾਜਿਕ ਅਤੇ ਰਾਜਨੀਤਿਕ ਕ੍ਰਾਂਤੀ ਲਈ ਅੱਤਵਾਦ ਦਾ ਸਹਾਰਾ ਲੈਂਦੇ ਹਨ। ਜਿਥੇ ਇਕ ਪਾਸੇ ਰਾਸ਼ਟਰੀ ਅੱਤਵਾਦ ਅਧੀਨ ਲੋਕਾਂ ਦਾ ਸਮਰਥਨ ਹਾਸਿਲ ਕਰਨਾ, ਦੇਸ਼ ਦੀ ਸੁਰੱਖਿਆ ਵਿਵਸਥਾ ਅਤੇ ਮਨੋਵਿਗਿਆਨਿਕ ਸਥਿਤੀ ਨੂੰ ਹਿਲਾਉਣਾ, ਜਨ-ਵਿਦਰੋਹ ਦੀ ਭਾਵਨਾ ਨੂੰ ਭੜਕਾ ਕੇ ਸ਼ਾਸਨ ਪ੍ਰਤੀ ਅਸੰਤੋਸ਼ ਪੈਦਾ ਕਰਨਾ ਹੁੰਦਾ ਹੈ। ਉਥੇ ਹੀ ਅੰਤਰ-ਰਾਸ਼ਟਰੀ ਪੱਧਰ ਤੇ ਕੀਤੀਆਂ ਜਾਣ ਵਾਲੀਆਂ ਅੱਤਵਾਦੀ ਗਤੀਵਿਧੀਆਂ ਰਾਹੀਂ ਉਹ ਸੰਸਾਰ ਦੇ ਦੇਸ਼ਾਂ ਦਾ ਸਮਰਥਨ ਪ੍ਰਾਪਤੀ, ਮਨੁੱਖੀ ਅਧਿਕਾਰ ਅਯੋਗ ਅਤੇ ਸੰਯੁਕਤ ਰਾਸ਼ਟਰ ਸੰਘ ਆਦਿ ਸੰਸਥਾਵਾਂ ਤੇ ਦਬਾਅ ਪਾ ਕੇ ਮਨੋਵਿਗਿਆਨਿਕ ਆਧਾਰ ਤੇ ਲੜਾਈ ਲੜਦੇ ਹਨ। ਇਹਨਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਅੱਤਵਾਦੀ ਮੁੱਖ ਤੌਰ ਤੇ ਹੇਠ ਲਿਖੀਆਂ ਕਾਰਵਾਈਆਂ ਕਰਦੇ ਹਨ-

1. ਸਰਕਾਰੀ ਸੰਪਤੀ ਅਤੇ ਸੰਚਾਰ ਸੇਵਾਵਾਂ ਨਸ਼ਟ ਕਰਨਾ।
2. ਅਗਵਾ ਕਰਨਾ ਅਤੇ ਬੰਦੀ ਬਣਾਉਣਾ।
3. ਸਮੂਹਿਕ ਕਤਲੋਗਾਰਤ।
4. ਪਬਲਿਕ ਥਾਵਾਂ, ਟ੍ਰੇਨਾਂ ਅਤੇ ਬੱਸਾਂ ਵਿਚ ਬਮ ਵਿਸਫੋਟ ਆਦਿ।

ਇਸ ਦੀ ਤਾਜ਼ਾ ਮਿਸਾਲ ਜੰਮੂ-ਕਸ਼ਮੀਰ ਦੇ ਕਾਰਗਿਲ ਖੇਤਰ ਵਿਚ ਹੋਈ ਕਾਰਵਾਈ ਹੈ ਜਿਸ ਵਿਚ ਪਾਕਿਸਤਾਨ ਦੁਆਰਾ ਸਿਖਲਾਈ ਦਿੱਤੇ ਹੋਏ ਅੱਤਵਾਦੀ ਹਿੰਦੁਸਤਾਨ ਵਿਚ ਭੰਨ-ਤੋੜ ਦੀਆਂ ਕਾਰਵਾਈਆਂ ਕਰ ਰਹੇ ਹਨ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰਾਜ-ਵਿਦਰੋਹ ਅਤੇ ਅੱਤਵਾਦ ਦੇ ਵਿਚ ਫਰਕ ਹਨ-

1. ਜਿਹੜੇ ਵਿਦਰੋਹੀ (Insurgents) ਹੁੰਦੇ ਹਨ ਉਨ੍ਹਾਂ ਨੂੰ ਵਸੋਂ ਦੇ ਵੱਡੇ ਭਾਗ ਤੋਂ ਸਹਿਯੋਗ ਮਿਲਦਾ ਹੈ, ਜਦੋਂ ਕਿ ਅੱਤਵਾਦ ਨੂੰ ਜ਼ਰੂਰੀ ਨਹੀਂ ਇਹ ਮਦਦ ਮਿਲੇ, ਕਿਉਂਕਿ ਅੱਤਵਾਦੀ ਅੰਧਾ ਧੁੰਦ ਮਾਰਧਾੜ ਦੇ ਰਾਹੀਂ ਆਤੰਕ ਫੈਲਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਨ੍ਹਾਂ ਦੀ ਖਾਸ ਵਿਚਾਰਧਾਰਾ ਨਹੀਂ ਹੁੰਦੀ, ਉਹ ਕਿਸੇ ਵਿਅਕਤੀ ਜਾਂ ਦੇਸ਼ ਵੱਲੋਂ ਵੀ ਉਕਸਾਏ ਗਏ ਹੋ ਸਕਦੇ ਹਨ।
2. ਰਾਜ-ਵਿਦਰੋਹੀ (Insurgents) ਆਮ ਤੌਰ ਤੇ ਉਸ ਦੇਸ਼ ਦੀ ਵਸੋਂ ਦਾ ਭਾਗ ਹੁੰਦੇ ਹਨ ਅਤੇ ਸੰਵਿਧਾਨਿਕ ਤੌਰ ਤੇ ਚੁਣੀ ਸਰਕਾਰ ਦਾ ਖਾਸ ਵਿਰੋਧ ਕਰਦੇ ਹਨ ਜਿਹੜੀ ਕਿ ਉਨ੍ਹਾਂ ਦੀ ਵਿਚਾਰਧਾਰਾ ਦੇ ਅਨੁਕੂਲ ਨਹੀਂ ਹੁੰਦੀ। ਉਹ ਆਪਣੀ ਲੜਾਈ ਗੁਰੀਲਾ ਤਰੀਕੇ ਨਾਲ ਸਰਕਾਰ ਅਤੇ ਫੌਜ ਦੇ ਖਿਲਾਫ ਲੜਦੇ ਹਨ, ਆਮ ਲੋਕਾਂ ਨਾਲ ਨਹੀਂ। ਜਦੋਂ ਕਿ ਅੱਤਵਾਦੀਆਂ ਇਹ ਜ਼ਰੂਰੀ ਨਹੀਂ ਹੈ ਕਿ ਉਹ ਉਸ ਦੇਸ਼ ਦੇ ਵਸਨੀਕ ਹੋਣ, ਉਹ ਦੁਸ਼ਮਣ ਦੇ ਏਜੰਟ ਵੀ ਹੋ ਸਕਦੇ ਹਨ।

## ਸਰਕਾਰੀ ਆਤੰਕ (State Terrorism)

ਸਰਕਾਰੀ ਆਤੰਕ ਉਹ ਹੁੰਦਾ ਹੈ ਜਦੋਂ ਕਿ ਮੁਲਕ ਆਪਣੇ ਰਾਜ ਨੂੰ ਕਾਇਮ ਰੱਖਣ ਲਈ ਅਸੰਵਿਧਾਨਕ ਤੇ ਗੈਰ-ਕਾਨੂੰਨੀ ਤਰੀਕਿਆਂ ਨੂੰ ਉਨ੍ਹਾਂ ਦੇ ਖਿਲਾਫ ਵਰਤ ਕੇ ਰਾਜ ਵਿਦਰੋਹ ਕਰਨ ਵਾਲਿਆਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ

ਵਿਚ ਪੁਲਿਸ ਅਤੇ ਮਿਲਟਰੀ ਨੂੰ ਕਈ ਤਰ੍ਹਾਂ ਦੇ ਅਧਿਕਾਰ ਦਿੱਤੇ ਜਾਂਦੇ ਹਨ ਜਿਵੇਂ ਕਈ ਰਾਜ ਵਿਦਰੋਹ (State Terrorism) ਅਤੇ ਅੱਤਵਾਦੀ ਵਾਲੀਆਂ ਸਟੇਟਾਂ ਵਿਚ 'MISA (Maintenance of Internal Security act), TADA (Terrorists & Disruptive Activities Acts), POTA (Prevention of Terrorism Act) ਵਰਗੇ ਕਾਨੂੰਨ ਪਾਸ ਕੀਤੇ ਜਾਂਦੇ ਹਨ, ਜਿਸਦੇ ਵਿਚ ਸਥਾਨਿਕ ਸਰਕਾਰ ਦੀ ਅਤੇ ਪੁਲਿਸ ਦੀ ਤਾਕਤ ਬਹੁਤ ਵੱਧ ਜਾਂਦੀ ਹੈ। ਇਸ ਤਰ੍ਹਾਂ ਦੀ ਹਾਲਤ ਨੂੰ ਸਰਕਾਰੀ ਨੂੰ ਸਰਕਾਰੀ ਆਤੰਕ (State Terrorism) ਕਿਹਾ ਜਾਂਦਾ ਹੈ।

## ਰਾਜ ਵਿਦਰੋਹ ਦੀ ਰੋਕਥਾਮ (Counter Insurgeny)

ਰਾਜ ਵਿਦਰੋਹ ਦੇ ਵਿਸਥਾਰ ਨੂੰ ਰੋਕਣ ਲਈ ਰਾਜ ਵਿਦਰੋਹ ਦੀ ਰੋਕਥਾਮ ਲਈ ਕਾਰਵਾਈ ਕਰਦੇ ਸਮੇਂ ਇਹ ਮੰਨ ਦੇ ਵਿਚ ਰੱਖਣਾ ਚਾਹੀਦਾ ਹੈ ਕਿ ਦੋ-ਤਿੰਨ ਪ੍ਰਾਂਤਾਂ ਦੇ ਵਿਚ ਹੋਣ ਵਾਲੇ ਰਾਜ ਵਿਦਰੋਹਾਂ ਦੀਆਂ ਵਿਸ਼ੇਸ਼ਤਾਈਆਂ ਇਕ ਹੁੰਦੀਆਂ ਹਨ, ਪਰ ਉਹ ਇਕ ਦੂਜੇ ਦੇ ਨਾਲ ਹੇਠ ਲਿਖੇ ਤੱਤਾਂ ਦੇ ਆਧਾਰ ਤੇ ਵੱਖ ਵੀ ਹੁੰਦੇ ਹਨ।

1. ਰਾਜ ਵਿਦਰੋਹ ਦੇ ਕਾਰਨ ਅਤੇ ਰਾਜ ਵਿਦਰੋਹੀਆਂ ਨੂੰ ਉਸ ਇਲਾਕੇ ਦੇ ਲੋਕਾਂ ਤੋਂ ਮਿਲਣ ਵਾਲੀ ਮਦਦ।
2. ਜ਼ਮੀਨ ਦੀ ਬਨਾਵਟ ਅਤੇ ਉਸ ਦੇ ਜੰਗਲ ਅਤੇ ਪਹਾੜ ਰਾਜ-ਵਿਦਰੋਹ ਦੀ ਰੋਕਥਾਮ ਨੂੰ ਹਰ ਸਮੇਂ ਪ੍ਰਭਾਵਿਤ ਕਰਦੇ ਹਨ।
3. ਰਾਜ ਵਿਦਰੋਹੀਆਂ ਦੇ ਹਥਿਆਰਾਂ ਦੀ ਗਿਣਤੀ ਅਤੇ ਕਿਸਮ ਅਤੇ ਉਹਨਾਂ ਨੂੰ ਵਰਤਣ ਦੀ ਯੋਗਤਾ। ਰਾਜ ਵਿਦਰੋਹ ਦੇ ਕਾਰਨਾਂ ਵਿਚ ਹਮੇਸ਼ਾਂ ਬੜੇ ਮਹੱਤਵਪੂਰਣ ਤੱਤ ਹੁੰਦੇ ਹਨ ਅਤੇ ਇਹ ਹਾਲਤਾਂ ਅਨੁਸਾਰ ਵੀ ਵੱਖ-ਵੱਖ ਹੁੰਦੇ ਹਨ। ਇਹਨਾਂ ਕਾਰਨਾਂ ਵਿਚ ਕਦੇ ਰਾਜਨੀਤਿਕ ਜਿਵੇਂ ਕਿ ਸੁਤੰਤਰਤਾ ਜਾਂ ਖੁਦਮੁਖਤਿਆਰੀ ਜਾਂ ਕਦੇ ਰਾਜਨੀਤਿਕ ਜਾਂ ਪ੍ਰਬੰਧਕ ਸੰਸਥਾਵਾਂ ਦੇ ਵਿਚ ਉਸ ਪ੍ਰਾਂਤ ਜਾਂ ਦੇਸ਼ ਵਿਚ ਕੁਝ ਲੋਕਾਂ ਨਾਲ ਵਿਤਕਰਾ, ਕਿਸੇ ਇਲਾਕੇ ਨੂੰ ਆਰਥਿਕ ਤੌਰ ਤੇ ਨਜ਼ਰਅੰਦਾਜ਼ ਕਰਨਾ ਅਤੇ ਕਿਸੇ ਇਲਾਕੇ ਵਿਚ ਉਸਾਰੀ ਦੀਆਂ ਗਤੀਵਿਧੀਆਂ ਦੀ ਘਾਟ ਸ਼ਾਮਿਲ ਹੈ। ਦੂਜੇ ਕਾਰਨਾਂ ਦੇ ਵਿਚ ਰਾਜ ਵਿਦਰੋਹ ਹੋਣ ਵਾਲੇ ਇਲਾਕੇ ਦੇ ਲੋਕਾਂ ਦੀ ਧਾਰਮਿਕ ਜਾਂ ਸਭਿਆਚਾਰਕ ਉਮੀਦਾਂ ਦਾ ਨਾ ਪੂਰਾ ਹੋਣਾ ਜਾਂ ਪ੍ਰਬੰਧਕੀ ਅਣਗਹਿਲੀ ਜਾਂ ਭ੍ਰਿਸ਼ਟਾਚਾਰ ਅਤੇ ਜਾਤੀ ਅਲਗਾਉ ਜਾਂ ਉਸ ਦੇ ਨਾਲ ਹੋਣ ਵਾਲੇ ਤਣਾਉ ਵੀ ਕਈ ਵਾਰੀ ਰਾਜ ਵਿਦਰੋਹ ਦਾ ਕਾਰਨ ਹੁੰਦੇ ਹਨ।

ਇਸ ਲਈ ਰਾਜ ਵਿਦਰੋਹ ਨੂੰ ਰੋਕਣ ਲਈ ਬਹੁਪੱਖੀ ਕਾਰਵਾਈ ਦੀ ਲੋੜ ਹੁੰਦੀ ਹੈ ਅਤੇ ਕਾਰਵਾਈ ਤੋਂ ਪਹਿਲਾਂ ਇਨ੍ਹਾਂ ਸਾਰੇ ਕਾਰਣਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ, ਜਿਸ ਨਾਲ ਹਾਲਤ ਤੇ ਛੇਤੀ ਕਾਬੂ ਪਾਇਆ ਜਾ ਸਕੇ। ਰਾਜ ਵਿਦਰੋਹ ਰੋਕਣ ਵਾਲੀ ਕਾਰਵਾਈ ਦੇ ਵਿਚ ਇਸ ਰਾਜ ਵਿਦਰੋਹ ਦੇ ਅਸਲੀ ਕਾਰਣਾਂ ਤੋਂ ਜਾਣੂ ਹੋਣਾ ਚਾਹੀਦਾ ਹੈ। ਇਸ ਨੂੰ ਰੋਕਣ ਵਾਲੇ ਉਪਰੇਸ਼ਨ ਵਿਚ ਆਰਥਿਕ ਸੁਧਾਰ, ਅਸਰਦਾਰ ਪ੍ਰਬੰਧਕੀ ਢਾਂਚਾ, ਰੋਜ਼ਗਾਰ ਦੇ ਜ਼ਿਆਦਾ ਮੌਕੇ, ਕੇਂਦਰੀ ਅਤੇ ਪ੍ਰਾਂਤਕ ਏਜੰਸੀਆਂ ਵਿਚ ਉਥੋਂ ਦੇ ਲੋਕਾਂ ਨੂੰ ਬਰਾਬਰ ਦੀ ਪ੍ਰਤੀਨਿਧਤਾ, ਲੋਕਾਂ ਦੀ ਸਮਾਜਿਕ ਅਤੇ ਸਭਿਆਜੇ ਕਦਰਾਂ ਕੀਮਤਾਂ ਨੂੰ ਬਰਾਬਰ ਦੀ ਇੱਜ਼ਤ ਦੇਣੀ ਸ਼ਾਮਿਲ ਹੈ ਅਤੇ ਉਥੇ ਦੇ ਲੋਕਾਂ ਦੀ ਮਨਪਸੰਦ ਸਰਕਾਰ ਸਥਾਪਿਤ ਕਰਨੀ ਸ਼ਾਮਿਲ ਹੈ।

ਫੇਰ ਵੀ ਉਪਰ ਦਿੱਤੀਆਂ ਕਾਰਵਾਈਆਂ ਤੋਂ ਇਲਾਵਾ ਰਾਜ ਵਿਦਰੋਹ ਦੇ ਇਲਾਕੇ ਵਿਚ ਸ਼ਾਂਤੀ ਅਤੇ ਸੁਰੱਖਿਆ ਨੂੰ ਬਹਾਲ ਕਰਨ ਲਈ ਭੰਨ ਤੋੜ ਦੀਆਂ ਕਾਰਵਾਈਆਂ ਅਤੇ ਅੱਤਵਾਦ ਨੂੰ ਰੋਕਣ ਦੇ ਲਈ, ਸਮਾਜ ਵਿਚ ਕਾਨੂੰਨ ਅਤੇ ਵਿਵਸਥਾ ਨੂੰ ਬਹਾਲ ਕਰਨ ਲਈ, ਰਾਜ ਵਿਦਰੋਹ ਦੀ ਰੋਕਥਾਮ ਕਰਨ ਲਈ ਪੁਲਿਸ, ਸਹਾਇਕ ਸੈਨਾਵਾਂ ਅਤੇ ਸੈਨਿਕ ਬਲਾਂ ਦੀ ਵਰਤੋਂ ਕਰਨੀ ਪੈਂਦੀ ਹੈ।

ਰਾਜ ਵਿਦਰੋਹ ਵਿਰੁੱਧ ਸਫਲਤਾ ਪੂਰਵਕ ਕਾਰਵਾਈ ਲਈ ਹੇਠ ਲਿਖੀਆਂ ਗੱਲਾਂ ਧਿਆਨ ਵਿਚ ਰਖਣੀਆਂ ਚਾਹੀਦੀਆਂ ਹਨ :

(1) ਸੁਰੱਖਿਆ ਸੈਨਾ ਨੂੰ ਆਪਣੇ ਓਪਰੇਸ਼ਨ ਪੂਰੀ ਤਰ੍ਹਾਂ ਕਾਮਯਾਬ ਬਣਾਉਣ ਲਈ ਉਥੋਂ ਦੀ ਜ਼ਮੀਨ ਦੀ ਬਨਾਵਟ ਦਾ ਪੂਰਾ ਪਤਾ ਹੋਣਾ ਚਾਹੀਦਾ ਹੈ।

(2) ਉਹਨਾਂ ਨੂੰ ਲੋਕਾਂ ਦੇ ਸਮਾਜਿਕ-ਸਭਿਆਚਾਰਕ ਝੁਕਾਉ, ਸੁਭਾਉ, ਬੋਲੀ ਅਤੇ ਮੁਸ਼ਕਲਾਂ ਦਾ ਪੂਰਾ ਪਤਾ ਹੋਣਾ ਚਾਹੀਦਾ ਹੈ। ਤਾਂਕਿ ਰਾਜ ਵਿਦਰੋਹੀਆਂ ਦੇ ਵਿਰੁੱਧ ਸਥਾਨਕ ਵਸੋਂ ਤੋਂ ਸਹਿਯੋਗ ਲਿਆ ਜਾ ਸਕੇ ਅਤੇ ਰਾਜ ਵਿਦਰੋਹੀਆਂ ਨੂੰ ਇਸ ਸਹਿਯੋਗ ਤੋਂ ਵਾਂਝਿਆ ਰਖਿਆ ਜਾ ਸਕੇ।

(3) ਉਹਨਾਂ ਦਾ ਹੌਸਲਾ ਗਿਰਾਉਣ ਦੇ ਲਈ ਅਤੇ ਹਿੰਸਾ ਦਾ ਰਸਤਾ ਛਡਾਉਣ ਦੇ ਲਈ ਉਹਨਾਂ ਦੇ ਹਮਦਰਦਾਂ ਕੋਲੋਂ ਮਦਦ ਲੈਣੀ ਚਾਹੀਦੀ ਹੈ।

(4) ਸੁਰੱਖਿਆ ਸੈਨਾਵਾਂ ਨੂੰ ਆਪਸੀ ਸਹਿਯੋਗ ਨਾਲ ਕੰਮ ਕਰਨਾ ਚਾਹੀਦਾ ਹੈ। ਸੰਚਾਰ ਸਾਧਨਾਂ ਅਤੇ ਉਥੋਂ ਦੀ ਸਥਾਨਕ ਸਰਕਾਰ ਨਾਲ ਕਿਸੇ ਕਿਸਮ ਦੀ ਗਲਤ ਫਹਿਮੀ ਨਹੀਂ ਹੋਣੀ ਚਾਹੀਦੀ।

## ਭਾਰਤ ਦੇ ਰਾਜਾਂ ਵਿਚ ਬਗਾਵਤ ਅਤੇ ਅੱਤਵਾਦ-ਸੰਖੇਪ ਜਾਇਜ਼ਾ

## (A Brief Account of Insurgency & Terrorism in Indian States)

### (1) ਉੱਤਰੀ-ਪੂਰਬੀ ਰਾਜ **(North Eastern States)**

(a) ਨਾਗਾਲੈਂਡ (Nagaland)

ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ਾਂ ਨੇ 1945 ਵਿਚ ਨਾਗਾ ਹਿਲਜ਼ ਡਿਸਟ੍ਰਿਕਿਟ ਕੌਂਸਿਲ (Naga Hills District Council) ਬਣਾਈ ਸੀ। ਇਸ ਦਾ ਮਕਸਦ ਨਾਗਾਜ਼ ਦੇ ਵੱਖ-ਵੱਖ ਕਬੀਲਿਆਂ ਦੀ ਭਲਾਈ ਅਤੇ ਏਕਤਾ ਕਰਨਾ ਸੀ। ਇਸ ਕੌਂਸਿਲ ਵਿਚ 29 ਕਬੀਲਿਆਂ ਦੇ ਵਿਅਕਤੀਆਂ ਨੂੰ ਇਸ ਦੇ ਨੁਮਾਇੰਦੇ ਬਣਾਇਆ ਗਿਆ, ਜਿਹੜੇ ਕਿ ਨਾਗਾ ਹਿਲਜ ਨਾਲ ਸੰਬੰਧਿਤ ਸਨ ਅਤੇ ਚੋਣਵੇਂ ਨੁਮਾਇੰਦਿਆਂ ਨੂੰ ਦਫ਼ਤਰੀ ਜਾਂ ਸਰਕਾਰੀ ਤੌਰ ਤੇ ਮਾਨਤਾ ਦਿੱਤੀ ਜਾਂਦੀ ਹੈ। ਬਾਅਦ ਵਿਚ ਇਸ ਕੌਂਸਿਲ ਦਾ ਨਾਂ ਬਦਲ ਕੇ ਨਾਗਾ ਰਾਸ਼ਟਰੀ ਕੌਂਸਿਲ (Naga National Council) ਰੱਖ ਦਿੱਤਾ ਗਿਆ। ਇਹ ਸੰਸਥਾ ਨਾਗਾਜ਼ ਦੀਆਂ ਰਾਜਨੀਤਿਕ ਇਛਾਵਾਂ ਨੂੰ ਦਰਸਾਉਂਦੀ ਹੈ। ਇਸ ਦੇ ਪਹਿਲੇ ਸੈਕਟਰੀ ਟੀ. ਸ਼ੇਖਰੀ (T. Shakhrie) ਨੇ ਹੋਰ ਮੈਂਬਰਾਂ ਨੂੰ ਆਜ਼ਾਦ ਭਾਰਤ ਦੇ ਆਸਾਮ ਰਾਜਾ ਵਿਚ ਲੋਕਲ ਆਜ਼ਾਦ (Local Auonomoius) ਸਟੇਟ ਦੀ ਮੰਗ ਲਈ ਪ੍ਰੇਰਿਆ ਜਦੋਂ ਫੀਜ਼ੋ (Phizo) ਐਨ.ਐਨ.ਸੀ. ਕੌਂਸਿਲ ਵਿਚ ਆਇਆ ਤਾਂ ਉਸ ਨੇ ਅੰਗ੍ਰੇਜ਼ਾਂ ਦੇ ਜਾਣ ਤੋਂ ਪਹਿਲਾਂ ਨਾਗਾਜ਼ ਦੇ ਰਾਜਨੀਤਿਕ ਵਿਚਾਰਾਂ ਨੂੰ ਆਜ਼ਾਦ ਨਾਗਾ ਕੌਮ (Independent Naga Nation) ਵੱਲ ਨੂੰ ਮੋੜਿਆ।

ਭਾਰਤ ਸਰਕਾਰ ਆਜ਼ਾਦੀ ਤੋਂ ਬਾਅਦ ਆਪਣੀਆਂ ਮੁਸ਼ਕਲਾਂ ਅਤੇ ਪੁਨਰ ਸੰਗਠਨ ਵਿਚ ਉਲਝ ਗਈ ਅਤੇ ਨਾਗਾਜ ਦੀਆਂ ਰਾਜਨੀਤਿਕ ਇੱਛਾਵਾਂ ਨੂੰ ਅੱਖੋਂ ਉਹਲੇ ਕਰ ਦਿੱਤਾ ਅਤੇ ਫੀਜ਼ੋ (Phizo) ਦੀ ਅਗਵਾਈ ਦਾ ਠੀਕ ਅਦਾਜ਼ਾ ਨਾ ਲਾਇਆ। ਪ੍ਰਧਾਨ ਮੰਤਰੀ ਨਹਿਰੂ ਨੇ ਨਾਰਾਜ਼ ਨਾਗਾਜ਼ ਦੀਆਂ ਰਾਜਨੀਤਿਕ ਇਛਾਵਾਂ ਨੂੰ ਸਮਝਿਆ ਅਤੇ ਉਹ ਗਵਰਨਰ ਅਤੇ ਲੋਕ ਪ੍ਰਬੰਧਾਂ ਦੇ ਰਾਹੀਂ ਐਨ.ਐਨ.ਸੀ. ਨੂੰ ਵੱਧ ਅਧਿਕਾਰ ਦੇਣਾ ਮੰਨ ਲਿਆ। ਇਨ੍ਹਾਂ ਵਿਚ ਟੈਕਸਾਂ ਨੂੰ ਇਕੱਠੇ ਕਰਕੇ ਉਨ੍ਹਾਂ ਦਾ ਖਰਚਣ ਦਾ ਅਧਿਕਾਰ ਅਤੇ ਨਾਗਾਜ਼ ਦੇ ਪ੍ਰਚਲਿਤ ਕਾਨੂੰਨ ਅਤੇ ਰਵਾਇਤਾਂ ਨੂੰ ਮਾਨਤਾ ਦੇਣੀ ਸੀ। ਕਈ ਨੇਤਾਵਾਂ ਨੇ ਇਕ ਸਮਝੌਤੇ ਦੀ ਵਿਆਖਿਆ (Interpretation) ਆਤਮ ਨਿਰਣੇ ਦੇ ਅਧਿਕਾਰ ਅਤੇ ਪੂਰੀ ਆਜ਼ਾਦੀ ਤੌਰ ਤੇ ਕੀਤੀ। ਇਸ ਤਰ੍ਹਾਂ ਐਨ.ਐਨ.ਸੀ. ਨੇ ਫੀਜ਼ੋ ਦੀ ਲੀਡਰਸ਼ਿਪ ਅਧੀਨ ਅਤੇ ਅੰਗ੍ਰੇਜ਼ਾਂ ਦੀ ਉਕਸਾਹਟ ਨਾਲ ਪਾਕਿਸਤਾਨ ਵਾਂਗ ਨਾਗਾਲੈਂਡ ਨੂੰ ਵੱਖ ਦੇਸ਼ ਬਣਾਉਣ ਦੀ ਮੰਗ ਕੀਤੀ- ਇਸ ਮੰਗ ਨਾਲ 16 ਮਈ, 1951 ਨੂੰ ਨਾਗਾਜ਼ ਨੇ ਵੱਡਾ ਅੰਦੋਲਨ ਅਤੇ ਸ਼ਹਿਰੀ ਅਵੱਗਿਆ (Disobedience) ਸ਼ੁਰੂ ਕੀਤੀ।

ਅੰਦੋਲਨ ਵਿਚ ਫੀਜ਼ੋ ਦੀ ਅਗਵਾਈ ਹੇਠ ਇੰਤਹਾ ਪਸੰਦਾਂ ਨੇ ਹਾਲਤਾਂ ਦਾ ਪੂਰੀ ਤਰ੍ਹਾਂ ਸੋਸ਼ਨ ਕੀਤਾ ਅਤੇ ਪੁਲਿਸ ਨੇ ਉਨ੍ਹਾਂ ਨਾਲ ਸਖਤੀ ਨਾਲ ਨਜਿਠਿਆ। ਨਾਗਾਜ਼ ਇੰਤਹਾ ਪਸੰਦਾਂ ਦੇ ਫੀਜ਼ੋ ਅਧੀਨ (Nagaland Federal Govt.) ਬਣਾਈ। ਸ਼ਿਲੋਂਗ ਸਮਝੌਤੇ (1975) ਤੇ ਬਾਦ ਸ਼ੁਰੂ ਸੂਬਾ ਬਣਾ ਦਿੱਤਾ ਗਿਆ ਅਤੇ ਸਾਰੇ ਹੂਹਪੇਸ਼ ਨਾਗਾਜ਼ ਨੂੰ ਆਤਮ-ਸਮਰਪਣ ਨਾ ਕੀਤਾ ਅਤੇ ਫੀਜ਼ੋ ਜਲਾਵਤਨੀ ਤੇ ਇੰਗਲੈਂਡ ਚਲਾ ਗਿਆ। ਇਸ ਤੋਂ ਬਾਅਦ ਉਸ ਨੇ ਉਨ੍ਹਾਂ ਇੰਤਹਾ ਪਸੰਦਾਂ

ਨੂੰ ਇਕੱਠਾ ਕਰਨ ਦੀ ਮੁਹਿੰਮ ਸ਼ੁਰੂ ਕੀਤੀ, ਜਿਨ੍ਹਾਂ ਨੇ ਅੰਤਿਮ ਸਮਰਪਣ ਨਹੀਂ ਕੀਤਾ ਸੀ। ਇਸ ਤੋਂ ਬਾਅਦ ਕੱਟੜਪੰਥੀਆਂ ਨੇ ਮੁਵਈਆ ਅਤੇ ਮਿਸਟਰ ਇਸ਼ਾਕ ਦੇ ਅਧੀਨ ਬਗ਼ਾਵਤ ਜਾਰੀ ਰੱਖਣ ਦਾ ਫੈਸਲਾ ਕੀਤਾ ਅਤੇ National Socialist Council of Nagaland (NSCN) ਬਣਾਈ। ਇਸ ਗਰੁੱਪ ਦੀ ਕੁੱਲ ਗਿਣਤੀ ਤਿੰਨ ਲੱਖ ਦੀ ਸੀ ਅਤੇ ਉਨ੍ਹਾਂ ਦੇ ਕੱਟੜ ਗਰੁੱਪ (Hard Core) ਵਿਚ ਸਿਰਫ ਤਿੰਨ ਸੌ ਮੈਂਬਰ ਸਨ ਅਤੇ ਇਸ ਦਾ ਹੈਡਕੁਆਟਰ ਬਰਮਾ ਵਿਚ ਸੀ। 1986 ਵਿਚ ਇਨ੍ਹਾਂ ਦੀ ਗਿਣਤੀ 2600 ਤੱਕ ਚਲੀ ਗਈ ਅਤੇ ਰਾਜ ਵਿਦਰੋਹ, ਲੁੱਟਮਾਰ, ਭ੍ਰਿਸ਼ਟਾਚਾਰ, ਸਮਾਜਿਕ-ਆਰਥਿਕ ਸਾਧਨਾਂ ਦੀ ਘਾਟ ਅਤੇ ਸੰਚਾਰ ਸਾਧਨਾਂ ਦੀ ਘਾਟ ਨੇ ਇਸ ਮੁਸ਼ਕਲ ਨੂੰ ਹੋਰ ਵਧਾਇਆ।

"Disturbed Area Act" ਦੇ ਹੋਂਦ ਵਿਚ ਆਉਣ ਤੋਂ ਬਾਅਦ ਇਥੇ ਫੌਜ ਲਾ ਦਿੱਤੀ ਗਈ ਅਤੇ 20 ਕਿਲੋਮੀਟਰ ਬੈਲਟ ਨੂੰ, ਜਿਹੜੀ ਬਰਮਾ ਦੀ ਸਰਹੱਦ ਦੇ ਨਾਲ-ਨਾਲ ਸੀ, ਸੀਲ ਕਰ ਦਿੱਤਾ ਗਿਆ। ਇਸ ਤਰ੍ਹਾਂ ਕੁਝ ਕੋਸ਼ਿਸ਼ਾਂ ਹਿੰਸਾ ਅਤੇ ਘੁਸਪੈਠ ਨੂੰ ਰੋਕਣ ਲਈ ਕੀਤੀਆਂ ਗਈਆਂ। ਇਨ੍ਹਾਂ ਇੰਤਹਾ-ਪਸੰਦਾਂ ਨੂੰ ਚੀਨ ਅਤੇਪੂਰਬੀ ਪਾਕਿਸਤਾਨ ਵਲੋਂ ਮਿਲਣ ਵਾਲੇ ਹਥਿਆਰਾਂ ਦੀ ਟ੍ਰੇਨਿੰਗ ਦੀ ਮਦਦ ਨੇ ਇਸ ਮੁਸ਼ਕਲ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੱਤਾ।

ਨਾਗਾ ਬਗਾਵਤ ਜਦੋਂ ਕਾਫ਼ੀ ਵੱਧ ਗਈ ਤਾਂ 1956 ਵਿਚ ਭਾਰਤ ਸਰਕਾਰ ਦੁਆਰਾ ਫੌਜੀ ਕਾਰਵਾਈ ਕੀਤੀ ਗਈ। ਨਾਗਾ ਨੇ ਗੁਰੀਲਾ ਜੰਗਬਾਜ਼ੀ ਕਾਫੀ ਵਧੀਆ ਤਰੀਕੇ ਨਾਲ ਲੜੀ ਅਤੇ ਭਾਰਤੀ ਸੈਨਾ ਲਈ ਕੰਮ ਕਾਫੀ ਔਖਾ ਕਰ ਦਿੱਤਾ, ਪਰ ਸੈਨਾ ਇਸ ਨੂੰ ਕਾਬੂ ਕਰਨ ਲਈ 1975 ਤੱਕ ਕਾਫੀ ਕਾਮਯਾਬ ਹੋਈ, ਪਰੰਤੂ ਨਾਗਾਜ਼ ਵੱਲੋਂ ਵਿਦੇਸ਼ੀ ਅਤੇ ਲੋਕਲ ਮਦਦ ਦੇ ਨਾਲ ਘੱਟ ਤੀਬਰਤਾ ਵਾਲਾ ਯੁੱਧ (Low intensity warfare) ਚਾਲੂ ਰੱਖਿਆ ਗਿਆ ਅਤੇ ਇਸ ਨੂੰ ਦਬਾਉਣ ਦੇ ਲਈ ਕਿੰਨੇ ਸੈਨਿਕ ਅਤੇ ਅਰਧ ਸੈਨਿਕ ਦਸਤੇ ਲਗਾਉਣੇ ਪਏ। ਬਗਾਵਤ ਅਤੇ ਅੱਤਵਾਦ ਨੂੰ ਸਫਲਤਾ ਪੂਰਵਕ ਨਿਯੰਤਰਣ ਲਈ ਕੇਂਦਰ ਨੂੰ ਆਪਣਾ ਧਿਆਨ ਨਾ ਕੇਵਲ ਸੈਨਿਕ ਅਤੇ ਪੁਲਿਸ ਵਿਕਲਪਾਂ ਤੱਕ ਸੀਮਿਤ ਰੱਖਣਾ ਚਾਹੀਦਾ ਹੈ, ਬਲਕਿ ਉਸ ਨੂੰ ਉਸ ਖਿੱਤੇ ਦੇ ਵਿਕਾਸ, ਸਿੱਖਿਆ ਅਤੇ ਪ੍ਰਬੰਧਕੀ ਢਾਂਚੇ ਵਿਚ ਉਨ੍ਹਾਂ ਨੂੰ ਸ਼ਾਮਿਲ ਕਰਨਾ ਅਤੇ ਨਾਗਾ ਲੋਕਾਂ ਦੇ ਦਿਲੋ-ਦਿਮਾਗ ਜਿੱਤਣ ਦੀ ਕ੍ਰਿਆ ਨੂੰ ਹੋਰ ਤੇਜ਼ ਕਰਨਾ ਚਾਹੀਦਾ ਹੈ।

## (b) ਤ੍ਰਿਪੁਰਾ (Tripura)

ਤ੍ਰਿਪੁਰਾ ਦੀਆਂ ਬਗਾਵਤਾਂ ਦੀਆਂ ਜੜ੍ਹਾਂ 1941 ਤੋਂ ਪੁਰਾਣੀਆਂ ਹਨ। 1942 ਵਿਚ ਹੋਏ ਫਿਰਕੂ ਦੰਗਿਆਂ ਦੇ ਕਾਰਨ ਕਿੰਨੇ ਹੀ ਹਿੰਦੂ ਬੰਗਾਲੀਆਂ ਨੂੰ ਢਾਕਾ ਛੱਡਣਾ ਪਿਆ ਅਤੇ ਤ੍ਰਿਪੁਰਾ ਵਿਚ ਸ਼ਰਨ ਲੈਣੀ ਪਈ। ਉਸ ਵੇਲੇ ਦੇ ਤ੍ਰਿਪੁਰਾ ਦੇ ਰਾਜਾਂ ਨੇ ਉਨ੍ਹਾਂ ਨੂੰ ਸ਼ਰਨ ਦਿੱਤੀ ਅਤੇ ਖੇਤੀ ਲਈ ਵੀ ਜ਼ਮੀਨ ਦਿੱਤੀ। ਇਸ ਦਾ ਸਥਾਨਕ ਜਨਤਾ ਨੇ ਵਿਰੋਧ ਕੀਤਾ, ਪਰ ਮਹਾਰਾਜਾ ਆਪਣੇ ਪ੍ਰਭਾਵ ਕਾਰਨ ਉਨ੍ਹਾਂ ਨੂੰ ਬੜੀ ਸੌਖ ਨਾਲ ਕਾਬੂ ਕਰ ਸਕਦਾ ਸੀ। ਆਜ਼ਾਦੀ ਤੋਂ ਬਾਅਦ ਇਹ ਰਿਆਸਤ ਭਾਰਤ ਦਾ ਭਾਗ ਬਣੀ ਅਤੇ ਬਾਅਦ ਵਿਚ ਇਸ ਨੂੰ 1956 ਵਿਚ ਯੂ.ਟੀ. ਦਾ ਦਰਜਾ ਦਿੱਤਾ ਗਿਆ। 1976 ਵਿਚ Tripura National Volunteers (TNV) ਦੇ ਲੀਡਰ ਵਿਜੈ ਕੁਮਾਰ ਹਾਰਨਖੋਲ (Harankhol) ਦੇ ਅਧੀਨ ਅੰਦਾਜ਼ਨ 200 ਵਲੰਟੀਅਰ ਸਨ ਜਿਨ੍ਹਾਂ ਨੇ ਬਗਾਵਤ (Insurgency) ਸ਼ੁਰੂ ਕੀਤੀ। ਜਿਨ੍ਹਾਂ ਦੀ ਮੁੱਖ ਮੰਗ ਤ੍ਰਿਪੁਰਾ ਰਾਜ ਦੀ ਪੂਰਨ ਆਜ਼ਾਦੀ ਦੀ ਸੀ। ਬਾਅਦ ਵਿਚ ਇਸ ਵਿਦਰੋਹ ਵਿਚ ਇਕ ਗਰੁੱਪ 'Tripura Peoples Liberation Organisation' ਸ਼ਾਮਿਲ ਹੋ ਗਿਆ ਜਿਨ੍ਹਾਂ ਦਾ ਲੀਡਰ ਚੁੰਨੀ ਕਲੋਈ ਸੀ। ਇਸ ਗਰੁੱਪ ਦੇ ਅਨੁਆਈ ਘੱਟ ਸਨ, ਪਰ ਜੰਗ ਦੂਜੇ ਗਰੁੱਪ ਵਾਲੀ ਹੀ ਸੀ। ਦੋਨੋਂ ਗਰੁੱਪ ਸਥਾਨਕ ਜਨਤਾ ਦੇ ਸਹਿਯੋਗ ਨਾਲ ਕਾਰਵਾਈ ਕਰਦੇ ਸਨ ਅਤੇ ਘੱਟ ਤੀਬਰ ਯੁੱਧ (Low Key Warfare) ਦੁਆਰਾ ਰਾਜ ਸਰਕਾਰ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਦੇ ਸਨ। ਇਹ ਗੁਰੀਲਾ ਦਾਅ ਪੇਚ ਵਰਤਦੇ ਸਨ ਅਤੇ ਲੁੱਟ ਮਾਰ, ਕਤਲੋ-ਗਾਰਦ, ਜ਼ਬਰਦਸਤੀ ਅਤੇ ਸੁਰੱਖਿਆ ਦਸਤਿਆਂ ਤੇ ਹਮਲਾ ਕਰਦੇ ਸਨ।

1990 ਵਿਚ ਇਕ ਹੋਰ ਬਾਗੀ (Insurgent) ਗਰੁੱਪ ਹੋਂਦ ਵਿਚ ਆਇਆ ਜਿਸ ਦਾ ਵਿਦਰੋਹ (Rebellion) ਦਾ ਨਿਸ਼ਾਨਾ ਸੀ ਅਤੇ ਤਰੀਕੇ ਉਹੀ ਸਨ, ਇਸ ਦਾ ਨਾਂ "All Tripura Force (ATTF)" ਸੀ ਅਤੇ ਇਹ ਕਾਫੀ ਸੰਗਠਿਤ ਗਰੁੱਪ ਸੀ।

**ਆਸਾਮ (Assam) :** ਉੱਤਰ ਪੂਰਬੀ ਰਾਜਾਂ ਵਿਚ ਇਕ ਹੋਰ ਰਾਜ ਆਸਾਮ ਹੈ ਜੋ ਕਿ ਪਿਛਲੇ ਕਈ ਸਾਲਾਂ ਤੋਂ ਅੱਤਵਾਦ ਅਤੇ ਵੱਖਵਾਦ ਦੀ ਲਪੇਟ ਵਿਚ ਹੈ। ਆਸਾਮ ਵਿਚ ਅੱਤਵਾਦ ਦੇ ਮੁੱਖ ਕਾਰਣਾਂ ਵਿਚ ਖੇਤਰੀਵਾਦ, ਭਾਸ਼ਾਈ ਅਤੇ ਨਸਲਵਾਦ (Ethnic) ਆਦਿ ਮੁੱਖ ਕਾਰਣ ਹਨ। ਆਸਾਮ ਦੀ ਸਮੱਸਿਆ 1979 ਵਿਚ ਸ਼ੁਰੂ ਹੋਈ। ਉਸ ਵੇਲੇ ਇਹ ਦੌਰ ਸ਼ਾਂਤੀਪੂਰਣ ਸੀ ਤੇ ਇਹਨਾਂ ਦੀ ਮੁੱਖ ਮੰਗ ਬਦੇਸ਼ੀ ਨਾਗਰਿਕਾਂ ਨੂੰ ਆਸਾਮ ਵਿਚੋਂ ਬਾਹਰ ਕੱਢਣ ਦੀ ਸੀ ਜਿਹੜੇ ਬੰਗਲਾ ਦੇਸ਼ ਦੇ ਜੰਗ ਸਮੇਂ ਭਾਰਤ ਵਿਚ ਦਾਖਿਲ ਹੋਏ ਸਨ ਅਤੇ ਜੰਗ ਖਤਮ ਹੋਣ ਤੋਂ ਬਾਅਦ ਵੀ ਵਾਪਿਸ ਨਹੀਂ ਗਏ। ਹੌਲੀ-ਹੌਲੀ ਬਾਹਰੀ ਤਾਕਤਾਂ ਤੋਂ ਗਵਾਂਢੀ ਮੁਲਕਾਂ ਦੀ ਸ਼ਹਿ ਨਾਲ ਆਸਾਮ ਵਿਚ ਸਰਕਾਰ ਵਿਰੋਧੀ ਗਤੀਵਿਧੀਆਂ ਹੋਰ ਤੇਜ਼ ਹੋ ਗਈਆਂ ਅਤ 1981 ਵਿਚ 'People Liberation Army of Assam' (PLAA) ਨਾਂ ਦੇ ਸੰਗਠਨ ਵਿਚ ਆਇਆ। ਇਸ ਸਮੇਂ ਦੌਰਾਨ 'All Assam Students Parishad (AASU) ਅਤੇ All Assam Students Gana Parishad ਦੇ ਨਾਂ ਦੇ ਸੰਗਠਨ ਵੀ ਬਣੇ।

1952-81 ਦੇ ਦੌਰਾਨ ਸਿਰਫ ਆਸਾਮ ਵਿਚ ਹੀ 3,75,861 ਬਦੇਸ਼ੀ ਨਾਗਰਿਕ ਸਨ। ਇਹਨਾਂ ਦੇ ਵਿਰੋਧ ਵਿਚ ਗਤੀਵਿਧੀਆਂ ਹੋਰ ਵੀ ਤੇਜ਼ ਹੋ ਗਈਆਂ। ਅੰਤ ਵਿਚ 1985 ਵਿਚ ਸਰਕਾਰ ਅਤੇ SU ਵਿਚਕਾਰ ਇਕ ਸਮਝੌਤਾ ਹੋਇਆ ਜਿਸ ਵਿਚ ਕਿਹਾ ਗਿਆ ਕਿ ਜਿਹੜੇ ਵਿਦੇਸ਼ੀ ਨਾਗਰਿਕ 1.1.1966 ਤੋਂ ਪਹਿਲਾਂ ਆਸਾਮ ਵਿਚ ਆਏ ਸਨ, ਦੇ ਨਾਂ 1967 ਦੀ ਵੋਟਰ ਸੂਚੀ ਵਿਚ ਸ਼ਾਮਿਲ ਸਨ, ਨੂੰ ਭਾਰਤੀ ਨਾਗਰਿਕਤਾ ਦੇ ਦਿੱਤੀ ਜਾਵੇਗੀ, ਪਰ ਜੋ ਵੀ 1966 ਤੋਂ 1971 ਤੱਕ ਆਸਾਮ ਵਿਚ ਦਾਖਿਲ ਹੋਏ ਸਨ ਉਨ੍ਹਾਂ ਨੂੰ ਲੱਭ ਕੇ ਉਹਨਾਂ ਦੇ ਨਾਂ ਵੋਟਰ ਸੂਚੀ ਵਿਚੋਂ ਕੱਢ ਕੇ ਵਾਪਿਸ ਭੇਜ ਦਿੱਤਾ ਜਾਵੇਗਾ।

ਇਸ ਸਮਝੌਤੇ ਤੋਂ ਬਾਅਦ ਇਹ ਉਮੀਦ ਕੀਤੀ ਗਈ ਕਿ ਸ਼ਾਇਦ ਇਸ ਨਾਲ ਆਸਾਮ ਵਿਚ ਸ਼ਾਂਤੀ ਹੋ ਜਾਵੇਗੀ, ਪਰ 1988 ਵਿਚ ਇਕ ਹੋਰ ਅੱਤਵਾਦੀ ਸੰਗਠਨ ਉਲਫਾ (United Liberation Front of Assam) ਹੋਂਦ ਵਿਚ ਆਇਆ। ਇਸ ਬਾਰੇ ਅਖਬਾਰਾਂ ਵਿਚ ਇਹ ਵੀ ਰਿਪੋਰਟ ਆਈ ਸੀ ਕਿ ਉਲਫਾ ਅੱਤਵਾਦੀਆਂ ਨੂੰ ਚੀਨ ਅਤੇ ਬੰਗਲਾ ਦੇਸ਼ ਤੋਂ ਹਥਿਆਰ ਅਤੇ ਸਿਖਲਾਈ ਮਿਲ ਰਹੀ ਹੈ। ਇਸ ਸਮੇਂ ਆਸਾਮ ਵਿਚ ਬੋਡੋ ਉੱਗਰਵਾਦੀ ਦੇ ਸੰਗਠਨ ਵੀ ਹਿੰਸਾ ਦੀਆਂ ਕਾਰਵਾਈਆਂ ਕਰ ਰਹੇ ਹਨ ਅਤੇ ਜਿਸ ਨਾਲ ਸੈਨਿਕਾਂ ਅਤੇ ਆਮ ਆਦਮੀਆਂ ਵਿਚਕਾਰ ਅੰਤਰ ਘੱਟ ਗਿਆ ਹੈ। ਸ਼ਹਿਰੀ ਠਿਕਾਣਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾਣ ਲਗਿਆ ਅਤੇ ਉਹਨਾਂ ਦੀ ਮੰਗ ਇੱਕ ਵੱਖਰਾ ਬੋਡੋਲੈਂਡ ਸਥਾਪਿਤ ਕਰਨ ਦੀ ਹੈ।

ਪਰ ਹੁਣ ਆਸਾਮ ਸਮੱਸਿਆ ਬਾਹਰੀ ਦਖਲਅੰਦਾਜ਼ੀ, ਖਾਸ ਤੌਰ ਤੇ ਚੀਨ ਅਤੇ ਬੰਗਲਾਦੇਸ਼ ਦੀ ਮਦਦ, ਤਾਲ, ਖਤਰਨਾਕ ਰੂਪ ਧਾਰਣ ਕਰ ਰਹੀ ਹੈ ਕਿਉਂਕਿ ਓਲਫ਼ਾ ਦੇ ਨੇਤਾਵਾਂ ਨੇ ਬੰਗਲਾਦੇਸ਼ ਵਿਚ ਸ਼ਰਣ ਲਈ ਹੋਈ ਹੈ, ਤੇ ਉਥੇ ਟ੍ਰੇਨਿੰਗ ਕੈਂਪ ਖੋਲ ਰਖੇ ਹਨ। ਹੁਣ ਉਹਨਾਂ ਦੀ ਮੰਗ ਬੰਗਲਾ ਦੇਸ਼ੀਆਂ ਨੂੰ ਆਸਾਮ ਵਿਚੋਂ ਕੱਢਣਾ ਨਹੀਂ ਹੈ ਬਲਕਿ ਹਿੰਦੀ ਬੋਲ ਕੇ ਲੋਕਾਂ ਨੂੰ ਕਢਣਾ ਹੈ ਤੇ ਭਾਰਤ ਸਰਕਾਰ ਨੂੰ ਇਸ ਸਮੱਸਿਆ ਵਲ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

# ਆਰਥਿਕ ਗਤੀਸ਼ੀਲਤਾ
# (Economic Mobilization)

1947 ਵਿਚ ਭਾਰਤ ਨੂੰ ਬਹੁਤ ਲੰਮੀਆਂ ਸਰਹੱਦਾਂ ਵਿਰਾਸਤ ਵਿਚ ਮਿਲੀਆਂ, ਜਿਥੋ ਭਾਰਤ ਦੀ ਸੁਰੱਖਿਆ ਲਈ ਕਈ ਤਰ੍ਹਾਂ ਦੇ ਖਤਰੇ ਪੈਦਾ ਹੋ ਸਕਦੇ ਹਨ। ਇਸ ਸੱਚਾਈ ਦਾ 1962 ਵਿਚ ਭਾਰਤ–ਚੀਨ ਦੀ ਜੰਗ ਸਮੇਂ ਹੀ ਪਤਾ ਚੱਲ ਗਿਆ। ਆਜ਼ਾਦੀ ਤੋਂ ਬਾਅਦ ਸਾਡੇ ਕੌਮੀ ਨੇਤਾ, ਜੋ ਉਸ ਸਮੇਂ ਸਰਕਾਰ ਚਲਾ ਰਹੇ ਸਨ ਉਹਨਾਂ ਨੇ ਸ਼ਾਂਤੀ ਦੀ ਨੀਤੀ ਅਪਣਾਈ ਅਤੇ ਦੇਸ਼ ਦੀ ਸੁਰੱਖਿਆ ਵਲ ਕੋਈ ਧਿਆਨ ਨਾ ਦਿੱਤਾ ਅਤੇ ਨਾ ਹੀ ਦੇਸ਼ ਦੇ ਮਨੁੱਖਾਂ ਨੂੰ ਦੇਸ਼ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਲਾਮਬੰਦ ਕੀਤਾ, ਜਿਸ ਦਾ ਨਤੀਜਾ 1962 ਵਿਚ ਭੁਗਤਣਾ ਪਿਆ। ਪਰ ਹਿੰਦ ਚੀਨ ਦੀ ਜੰਗ ਤੋਂ ਬਾਦ ਭਾਰਤ ਨੇ ਆਪਣੀ ਸੁਰੱਖਿਆ ਵਲ ਪੂਰਾ ਧਿਆਨ ਦਿੱਤਾ, ਜਿਸ ਦੇ ਸਿੱਟੇ ਵਜੋਂ ਭਾਰਤੀ ਫੌਜ ਨੇ 1965 ਤੇ 1971 ਦੀ ਲੜਾਈ ਸਮੇਂ ਅਤੇ ਦੇਸ਼ ਦੇ ਹੋਰ ਅੰਦਰੂਨੀ ਖੱਤਰਿਆਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਜਿਸ ਨਾਲ ਭਾਰਤ ਦਾ ਮਾਣ ਦੁਨੀਆਂ ਵਿਚ ਵਧਿਆ। ਅੱਜ ਭਾਰਤ ਨੇ ਆਪਣੀ ਆਰਥਿਕ ਗਤੀਸ਼ੀਲਤਾ ਦੀ ਨੀਤੀ ਇਸ ਤਰ੍ਹਾਂ ਅਪਣਾਈ ਹੈ ਕਿ ਅਸੀਂ ਦੇਸ਼ ਦੀਆਂ ਹੋਰ ਯੋਗਤਾਵਾਂ ਤੇ ਬਿਨਾਂ ਅਸਰ ਪਾਏ, ਦੇਸ਼ ਦੇ ਸਾਧਨਾਂ ਨੂੰ ਲਾਮਬੰਦ ਕਰਕੇ ਕਿਸੇ ਵੀ ਖਤਰੇ ਦਾ ਮੁਕਾਬਲਾ ਕਰ ਸਕਦੇ ਹਾਂ।

ਹੁਣ ਅਸੀਂ ਇਸ ਗਤੀਸ਼ੀਲਤਾ ਦੇ ਕੰਮ ਦਾ ਨਿਰੀਖਣ ਕਰਾਂਗੇ ਜੋ ਕਿ ਸਾਡੀ ਆਰਥਿਕਤਾ ਦੀ ਯੋਜਨਾਬੰਦੀ ਅਤੇ ਤੇਜ ਉੱਨਤੀ ਦੀ ਸਥਿਰਤਾ ਨੂੰ ਬਣਾਈ ਰੱਖਣ ਵਿਚ ਸਹਾਇਤਾ ਕਰ ਸਕਦਾ ਹੈ।

ਜੰਗ ਦੀ ਹਾਲਤ ਵਿਚ ਦੇਸ਼ ਨੂੰ ਆਪਣੇ ਜੰਗੀ ਫਰੰਟ (War Front) ਘਰੇਲੂ ਫਰੰਟ (Home Front) ਅਤੇ ਰਾਜਨੀਤਿਕ ਫਰੰਟ (Diplomatic Front) ਦਾ ਧਿਆਨ ਰੱਖਣਾ ਪੈਂਦਾ ਹੈ। ਇਹ ਤਿੰਨ ਫਰੰਟ, ਜਿਨ੍ਹਾਂ ਦਾ ਉਦੇਸ਼ ਜੰਗ ਨੂੰ ਜਿੱਤਣ ਦਾ ਹੁੰਦਾ ਹੈ ਜੋ ਕਿ ਆਪਸ ਵਿਚ ਇਕ ਦੂਜੇ ਉੱਤੇ ਨਿਰਭਰ ਕਰਦੇ ਹਨ। ਇਨ੍ਹਾਂ ਤਿੰਨਾਂ ਫਰੰਟਾਂ ਦੇ ਉਦੇਸ਼ ਅਤੇ ਕੋਸ਼ਿਸ਼ਾਂ ਵਿਚਕਾਰ ਤਾਲਮੇਲ ਅਤੇ ਸਮਾਨਤਾ ਦਾ ਹੋਣਾ ਅਤਿ ਜ਼ਰੂਰੀ ਹੈ। ਦੇਸ਼ ਦਾ ਘਰੇਲੂ ਫਰੰਟ ਆਪਣੇ ਜਵਾਨਾਂ ਦੀ ਜੰਗ–ਭੂਮੀ ਵਿਚ ਲੋੜ ਪੈਣ ਵਾਲੀਆਂ ਵਸਤੂਆਂ ਦਾ ਨਿਰਮਾਣ ਕਰਕੇ, ਰੱਖਿਅਕ ਸੇਵਾਵਾਂ ਦੀ ਮਾਨਵ ਸ਼ਕਤੀ ਨਾਲ ਸਹਾਇਤਾ ਕਰਕੇ, ਆਪਣੇ ਹੌਸਲੇ ਅਤੇ ਏਕਤਾ ਨੂੰ ਕਾਇਮ ਰੱਖ ਕੇ ਅਤੇ ਅਸੈਨਿਕ ਪ੍ਰਸ਼ਾਸਨ ਨੂੰ ਮਜ਼ਬੂਤ ਕਰਕੇ ਮਦਦ ਕਰ ਸਕਦਾ ਹੈ। ਹਰ ਤਰ੍ਹਾਂ ਦੇ ਜੰਗੀ ਸਾਜ਼ੋ-ਸਮਾਨ ਦੀ ਉਚਿਤ ਮਾਤਰਾ ਵਿਚ ਪੈਦਾਵਾਰ ਕਰਨਾ ਸਭ ਨਾਲੋਂ ਮਹੱਤਵਪੂਰਨ ਆਰਥਿਕ ਕੰਮ ਹੈ। ਭਾਵੇਂ ਕੰਮ ਵੀ ਵਿਭਿੰਨ ਮਹੱਤਤਾ ਵਾਲੀਆਂ ਆਰਥਿਕ ਹਾਲਤਾਂ ਦੁਆਰਾ ਨਿਰਧਾਰਿਤ ਕੀਤੇ ਜਾਂਦੇ ਹਨ। ਇਸ ਲਈ ਕਿਸੇ ਦੇਸ਼ ਦੀ ਆਰਥਿਕ ਸ਼ਕਤੀ ਇਸ ਦ੍ਰਿਸ਼ਟੀ ਤੋਂ ਸਭ ਨਾਲੋਂ ਵੱਧ ਮਹੱਤਤਾ ਰੱਖਦੀ ਹੈ।

## ਪੂਰਨ ਗਤੀਸ਼ੀਲਤਾ ਦਾ ਕੰਮ
## (Task of Total Mobilization)

ਪੂਰਣ ਸਾਧਨ ਜੁਟਾਓ (total mobilization) ਉਸ ਅਵਸਥਾ ਨੂੰ ਆਖਦੇ ਹਨ ਜਿਸ ਵਿਚ ਕੋਈ ਦੇਸ਼ ਵੱਡੇ ਪੈਮਾਨੇ ਦੀ ਜੰਗ (Large Scale War) ਨੂੰ ਜਿੱਤਣ ਦਾ ਪੱਕਾ ਇਰਾਦਾ ਕਰ ਲਵੇ ਅਤੇ ਆਪਣੀ ਅਰਥ–ਵਿਵਸਥਾ ਨੂੰ ਇਸ ਢੰਗ ਨਾਲ ਆਯੋਜਿਤ ਕਰੇ ਕਿ ਉਸ ਵਿਚ ਵੱਧ ਤੋਂ ਵੱਧ ਜੰਗੀ ਸਾਮਾਨ ਦਾ ਨਿਰਮਾਣ ਹੋ ਸਕੇ। ਇਸ ਤੋਂ ਭਾਵ ਹੈ ਉਹ ਆਪਣੀ ਸਮੁੱਚੀ ਮਾਨਵ ਸ਼ਕਤੀ, ਸਮੁੱਚੇ ਪੂੰਜੀਗਤ ਸਾਧਨਾਂ (ਜੋ ਦੇਸ਼ ਵਿਚ ਮੌਜੂਦ ਹੋਣ ਜਾਂ ਬਾਹਰ ਤੋਂ ਪ੍ਰਾਪਤ ਕੀਤੇ ਹੋਣ) ਦੀ ਵਰਤੋਂ ਕਰਕੇ, ਰੋਜ਼ਾਨਾ ਕੰਮ ਕਰਨ ਦੇ ਘੰਟਿਆਂ ਵਿਚ ਵਾਧਾ ਕਰਕੇ, ਤਾਂ ਕਿ ਸੀਮਿਤ ਸਮੇਂ ਵਿਚ ਵੱਧ ਤੋਂ ਵੱਧ ਸੰਭਾਵਿਤ ਉਤਪਾਦਨ ਹੋ

ਸਕੇ ਅਤੇ ਉਪਭੋਗ (Consumption) ਨੂੰ ਘੱਟ ਤੋਂ ਘੱਟ ਕਰਕੇ ਪੂਰਣ ਲਾਮਬੰਦੀ ਦੇ ਉਦੇਸ਼ ਨੂੰ ਪ੍ਰਾਪਤ ਕਰ ਸਕਦਾ ਹੈ। ਪੂਰਣ ਗਤੀਸ਼ੀਲਤਾ ਦੀ ਹਾਲਤ ਵਿਚ ਦੇਸ਼ ਦੀ ਅਰਥ ਵਿਵਸਥਾ ਇੰਨੀ ਵੱਡੀ ਹੋ ਜਾਂਦੀ ਹੈ ਕਿ ਜਿਸ ਦਾ ਨਾ ਤਾਂ ਅਸੀਂ ਕਦੇ ਅਨੁਭਵ ਕੀਤਾ ਹੁੰਦਾ ਹੈ ਅਤੇ ਨਾ ਹੀ ਉਸ ਬਾਰੇ ਸੋਚਿਆ ਹੁੰਦਾ ਹੈ।

ਇਹ ਮਨੁੱਖ ਦਾ ਸੁਭਾਅ ਹੀ ਹੈ ਕਿ ਉਹ ਉਸ ਚੀਜ਼ ਦਾ ਕਾਰਣ ਲੱਭਣ ਦੀ ਖੋਜ ਅਤੇ ਕੋਸ਼ਿਸ਼ ਕਰ ਸਕਦਾ ਹੈ ਜਿਸ ਦੇ ਵਿਰੁੱਧ ਕਿ ਉਹ ਹਾਰ ਮੰਨਣਾ ਨਾ ਚਾਹੁੰਦਾ ਹੋਵੇ। 1962 ਵਿਚ ਚੁਣੌਤੀ ਦੇਣ ਵਾਲੀ ਉਸ ਵੱਡੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਉਸ ਸਮੱਸਿਆ ਨੂੰ ਘਟਾਉਣ ਵਲ ਝੁਕਾਓ ਹੋ ਗਿਆ ਅਤੇ ਇਹ ਸੋਚਿਆ ਜਾਣ ਲੱਗ ਪਿਆ ਕਿ :

(i) ਚੀਨ ਦੇ ਬੇ-ਕਾਬੂ ਅੰਦਰੂਨੀ ਹਾਲਤ ਉਸਦੀ ਲੜਾਕੇਪਨ (aggressiveness) ਦੀ ਨੀਤੀ ਉੱਤੇ ਨਿਯੰਤਰਣ ਰੱਖੇਗੀ :

(ii) ਸੋਵੀਅਤ ਰੂਸ ਅਤੇ ਚੀਨ ਦਾ ਆਪਸੀ ਪਾੜ, ਚੀਨ ਦੀ ਭਾਰਤ ਵਿਰੁੱਧ ਜੰਗ ਦੀ ਪ੍ਰਬਲਤਾ ਨੂੰ ਕਾਬੂ ਵਿਚ ਰੱਖੇਗਾ :

(iii) ਹਿਮਾਲਿਆ ਉੱਤੇ ਬਰਫ਼ ਪੈਣ ਕਾਰਣ ਸਥਿਤੀ ਠੀਕ ਹੋ ਜਾਵੇਗੀ :

(iv) ਚੀਨ ਕੋਲ ਸ਼ਾਇਦ ਹੀ ਇਸ ਤਰ੍ਹਾਂ ਦੀ ਬਹੁਤ ਵਧੀਆ ਵਾਰ ਕਰਨ ਦੀ ਸ਼ਕਤੀ (Striking power) ਹੋਵੇ ਅਤੇ

(v) ਚੀਨ ਦੀ ਆਰਥਿਕ ਕਠਨਾਈਆਂ ਅਤੇ ਕਮਜ਼ੋਰੀਆਂ ਇੰਨੀਆਂ ਜ਼ਿਆਦਾ ਹਨ ਕਿ ਉਸ ਲਈ ਲੰਮੇ ਚਿਰ ਤਕ ਲੜਾਈ ਨੂੰ ਜਾਰੀ ਰੱਖਣਾ ਸੰਭਵ ਨਹੀਂ ਹੋਵੇਗਾ।

ਉਹ ਰਾਸ਼ਟਰ, ਜਿਸ ਨੇ ਪੂਰਣ ਜੰਗ (total war) ਨੂੰ ਜਿੱਤਣ ਦਾ ਪੱਕਾ ਇਰਾਦਾ ਕੀਤਾ ਹੋਵੇ : ਉਹ ਆਪਣੀਆਂ ਸੈਨਿਕ ਯੋਜਨਾਵਾਂ ਵਿਚ ਇਸ ਤਰ੍ਹਾਂ ਦੀਆਂ ਉਮੀਦਾਂ ਨੂੰ ਕੋਈ ਥਾਂ ਨਹੀਂ ਦਿੰਦਾ। ਦੇਸ਼ ਦੀਆਂ ਸੈਨਿਕ ਜਾਂ ਮਾਲੀ-ਪਰੰਪਰਾਵਾਂ (Fiscal traditions) ਵੀ ਇਕ ਮੁਨਾਸਿਬ ਆਕਾਰ ਅਤੇ ਅਸਰਦਾਰਤਾ ਵਾਲੀ, ਵਾਰ ਕਰਨ ਦੀ ਸ਼ਕਤੀ ਦੇ ਨਿਰਮਾਣ ਵਿਚ ਉਸ ਦਾ ਪੂਰਣ ਤੌਰ ਤੇ ਭਰੋਸੇ ਯੋਗ ਪਥ-ਪ੍ਰਦਰਸ਼ਨ ਨਹੀਂ ਕਰਦੀਆਂ। ਇਹ ਆਮ ਕਰਕੇ ਪਿਛਲੇ ਅਨੁਭਵਾਂ ਦਾ ਸਾਕਾਰ ਰੂਪ ਹੁੰਦੀਆਂ ਹਨ ਜੋ ਕਿ ਇਤਿਹਾਸਕ ਸਥਿਤੀਆਂ ਅਤੇ ਧਾਰਨਾਵਾਂ ਨਾਲ ਬੰਨ੍ਹਣੀਆਂ ਹੁੰਦੀਆਂ ਹਨ। ਪ੍ਰੰਤੂ ਸੈਨਿਕ ਯੁੱਧ ਨੀਤੀ ਅਤੇ ਯੁੱਧ ਵਿਚ ਪਰਿਵਰਤਨਸ਼ੀਲ ਤੱਤ ਸ਼ਾਮਿਲ ਹੁੰਦੇ ਹਨ ਅਤੇ ਇਨ੍ਹਾਂ ਦੀਆਂ ਬਣਤਰਾਂ ਵਿਚ ਬਿਨਾਂ ਆਸ ਕੀਤੇ ਹੋਏ ਅਤੇ ਆਧੁਨਿਕ ਤੱਤ ਸ਼ਾਮਿਲ ਹੁੰਦੇ ਹਨ। ਇਸ ਲਈ ਪੂਰਣ ਗਤੀਸ਼ੀਲਤਾ ਸਾਡੀ ਸੋਚਣੀ ਅਤੇ ਯੋਜਨਾਬੰਦੀ ਨੂੰ ਵਰਤਮਾਨ ਤੱਤਾਂ, ਖਿਆਲਾਂ ਅਤੇ ਪੂਰਣ-ਅਨੁਮਾਨਾਂ ਤੋਂ ਜਾਣੂ ਕਰਵਾਉਂਦੀ ਹੈ। ਇਹ ਮਨੁੱਖਾਂ ਦੀ ਕਲਪਨਾ ਲਈ ਅਤੇ ਬੰਦੋਬਸਤ ਕਰਨ ਦੀ ਸ਼ਕਤੀ ਅਤੇ ਉਨ੍ਹਾਂ ਦੀ ਦਲੇਰੀ ਅਤੇ ਹੌਸਲੇ ਨੂੰ ਪਰਖਣ ਦਾ ਇਮਤਿਹਾਨ ਹੁੰਦਾ ਹੈ।

## ਆਰਥਿਕ ਗਤੀਸ਼ੀਲਤਾ ਦੇ ਉਦੇਸ਼
## (Objectives of Economic Mobilization)

ਆਪਣੇ ਦੇਸ਼ ਦੀਆਂ ਸਰਹੱਦਾਂ ਨੂੰ ਸੁਰੱਖਿਅਤ ਰੱਖਣ ਲਈ ਲੋੜੀਂਦੀ ਸੈਨਿਕ-ਉਸਾਰੀ (Military build-up) ਦਾ ਅੰਦਾਜ਼ਾ ਲਾਉਣਾ, ਇਕ ਸੈਨਿਕ ਅਤੇ ਰਾਜਨੀਤਿਕ ਫੈਸਲਾ ਹੁੰਦਾ ਹੈ ਜਿਸ ਦਾ ਨਾ ਤਾਂ ਸਾਨੂੰ ਪਤਾ ਹੁੰਦਾ ਹੈ ਅਤੇ ਨਾ ਹੀ ਅਸੀਂ ਉਸ ਬਾਰੇ ਪਹਿਲਾਂ ਦੱਸ ਸਕਦੇ ਹਾਂ। ਫਿਰ ਵੀ ਮਾਹਿਰਾਂ (Experts) ਨੇ 1960 ਵਿਚ ਅਨੁਮਾਨ ਲਗਾਇਆ ਸੀ ਕਿ ਭਾਰਤ ਦੀ ਸੈਨਿਕ ਸ਼ਕਤੀ ਵਿਚ ਲਗਭਗ 8,25000 ਅਫਸਰਾਂ ਅਤੇ ਸੈਨਿਕਾਂ ਦੀ, ਚੀਨ ਵਿਚ 25,00,000 ਅਫਸਰਾਂ ਅਤੇ ਸੈਨਿਕ ਦੀ ਅਤੇ ਪਾਕਿਸਤਾਨ ਵਿਚ 2,00,000 ਅਫਸਰਾਂ ਅਤੇ ਸੈਨਿਕਾਂ ਦੀ ਪ੍ਰਹਾਰ-ਸ਼ਕਤੀ (Striking power) ਹੈ। ਇਸ ਲਈ ਭਾਰਤ

ਦੇ ਫੌਜੀ ਗਤੀਸ਼ੀਲਤਾ ਦੇ ਸੰਖਿਆਤਮਕ ਉਦੇਸ਼ ਨੂੰ ਵਧਾ ਕੇ 30,00,000 ਤਕ ਨਿਸ਼ਚਿਤ ਕੀਤਾ ਜਾ ਸਕਦਾ ਹੈ। ਭਾਵ ਕਿ ਦੇਸ਼ ਦੀ ਪ੍ਰਹਾਰ ਸ਼ਕਤੀ ਨੂੰ ਵਰਤਮਾਨ ਸ਼ਕਤੀ ਤੋਂ ਫੌਜਾਂ ਆਧੁਨਿਕ ਅਤੇ ਨਵੀਨ ਹਥਿਆਰ ਅਤੇ ਹੋਰ ਫੌਜੀ ਅਸਲਾ ਜਿਸ ਵਿਚ ਕਿ ਛਾਪਾਮਾਰ ਤੇ ਪਹਾੜੀ ਯੁੱਧ (Guerilla Mountain Warfare) ਦੇ ਅਨੁਕੂਲ ਹਥਿਆਰ ਵੀ ਸ਼ਾਮਲ ਹੋਣ ਨਾਲ ਸੈਨਿਕਾਂ ਨੂੰ ਹਥਿਆਰਬੰਦ ਕਰਨਾ ਵੀ ਬਹੁਤ ਜ਼ਰੂਰੀ ਹੈ। ਇਸ ਲਈ ਭਾਰਤ ਵਿਚ ਪੂਰਣ ਗਤੀਸ਼ੀਲਤਾ ਦੇ ਉਦੇਸ਼ ਨੂੰ ਅਸੀਂ ਇਸ ਤਰ੍ਹਾਂ ਪ੍ਰਗਟ ਕਰ ਸਕਦੇ ਹਾਂ ਕਿ ਦੇਸ਼ ਦੀ ਹਥਿਆਰਬੰਦ ਫੌਜ ਦੀ ਸੰਖਿਆ ਨੂੰ ਵਧਾ ਕੇ 30,00,000 ਦੇ ਬਰਾਬਰ ਕਰ ਦਿੱਤਾ ਜਾਵੇ ਜੋ ਪੂਰੀ ਤਰ੍ਹਾਂ ਨਵੇਂ ਹਥਿਆਰਾਂ ਨਾਲ ਹਥਿਆਰਬੰਦ ਅਤੇ ਹਰ ਪੱਖ ਤੋਂ ਆਧੁਨਿਕ ਹੋਵੇ ਤੇ ਜੋ ਤਤਕਾਲੀ ਐਲਾਨ ਤੇ ਹੀ ਲੜਨ ਲਈ ਤਿਆਰ ਹੋ ਜਾਵੇ।

ਆਪਣੇ ਦੇਸ਼ ਦੀਆਂ ਸਰਹੱਦਾਂ ਦੀ ਹਿਫ਼ਾਜ਼ਤ ਕਰਨ ਲਈ ਲੋੜੀਂਦੀ ਸੈਨਿਕ ਉਸਾਰੀ ਦਾ ਅਨੁਮਾਨ ਲਗਾਉਣਾ ਇਕ ਸੈਨਿਕ ਅਤੇ ਰਾਜਨੀਤਿਕ ਨਿਰਣਾ ਹੈ। ਜਿਸ ਦੀ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ ਅਤੇ ਜੋ ਉਪਰ ਕੀਤੇ ਗਏ ਵਰਣਨ ਤੋਂ ਬਹੁਤ ਭਿੰਨ ਹੋ ਸਕਦਾ ਹੈ। ਸ਼ਾਂਤੀ ਅਤੇ ਜੰਗੀ ਪੱਧਰਾਂ ਦੀ ਤਿਆਰੀ ਦੇ ਵਿਚ ਵੱਡਾ ਅੰਤਰ ਇਹ ਹੈ ਕਿ ਜੰਗੀ ਪੱਧਰ ਦੀ ਤਿਆਰੀ ਵਿਚ ਹਥਿਆਰ ਅਤੇ ਗੋਲਾ-ਬਰੂਦ ਉਤੇ ਵੱਡੀ ਤੱਦਾਦ ਵਿਚ ਖਰਚ ਹੁੰਦਾ ਹੈ ਅਤੇ ਜਦੋਂ ਜੰਗ ਲੜੀ ਜਾ ਰਹੀ ਹੋਵੇ ਤਾਂ ਇਸ ਜੰਗੀ ਸਮਾਨ ਦੀ ਖਪਤ ਬਹੁਤ ਜਲਦੀ ਹੋ ਜਾਂਦੀ ਹੈ।

## ਸਮੇਂ ਦਾ ਤੱਤ

## (**The Element of Time**)

ਹਰ ਦਿਨ, ਅੱਗੇ ਨਾਲੋਂ ਵਧ ਕੇ ਚੰਗੀ ਸੈਨਿਕ ਤਿਆਰੀ ਕਰਨ ਦਾ ਸੁਨਹਿਰੀ ਮੌਕਾ ਹੁੰਦਾ ਹੈ ਜਿਸ ਦੀ ਕਿ ਸਾਨੂੰ ਬੜੇ ਉਤਸ਼ਾਹ ਅਤੇ ਪੱਕੇ ਇਰਾਦੇ ਨਾਲ ਵਰਤੋਂ ਕਰਨੀ ਚਾਹੀਦੀ ਹੈ। ਸਾਨੂੰ ਇੰਤਜ਼ਾਰ ਕਰਕੇ ਸਮਾਂ ਖਰਾਬ ਨਹੀਂ ਕਰਨਾ ਚਾਹੀਦਾ ਅਤੇ ਇਸ ਲਈ ਸਮੇਂ ਦੀ ਉਸ ਅਵਧੀ, ਜਿਸ ਵਿਚ ਕਿ ਅਸੀਂ ਲੋੜੀਂਦੇ ਆਕਾਰ ਦੀ ਵੱਧ ਤੋਂ ਵੱਧ ਸ਼ਕਤੀ ਦੀ ਉਸਾਰੀ ਕਰਨਾ ਚਾਹੁੰਦਾ ਹਾਂ, ਨੂੰ ਪਹਿਲਾਂ ਤੋਂ ਹੀ ਨਿਸ਼ਚਿਤ ਕਰ ਲੈਣਾ ਚਾਹੀਦਾ ਹੈ। ਕਿਸੇ ਜੰਗ ਦੀ ਅਵਧੀ ਜਾਂ ਮਿਆਦ ਹਮਲੇ ਦੀ ਭਿਆਨਕਤਾ ਅਤੇ ਹਮਲਾ ਕੀਤੇ ਹੋਏ ਦੇਸ਼ ਦੀ ਇਸ ਨੂੰ ਪਛਾੜਨ ਦੀ ਤਿਆਰੀ ਉੱਤੇ ਨਿਰਭਰ ਕਰਦੀ ਹੈ।

ਆਜ਼ਾਦੀ ਤੋਂ ਬਾਅਦ ਮਾਹਿਰਾਂ ਨੇ ਸਮੇਂ ਸਮੇਂ ਤੇ ਜੰਗ ਦੀ ਤਿਆਰੀ ਦੀ ਅਵਧੀ ਦੀਆਂ ਵਿਭਿੰਨ ਮਿਆਦਾਂ ਬਾਰੇ ਜੋ ਕਿ ਇਕ ਸਾਲ ਤੋਂ ਅਠਾਰਾਂ ਮਹੀਨਿਆਂ ਤਕ ਸਨ, ਦੇ ਸੁਝਾਉ ਦਿੱਤੇ ਹਨ। ਪਰੰਤੂ ਜੰਗ ਦੀ ਤਿਆਰੀ ਦੇ ਕਾਲ ਦੀ ਅਵਧੀ ਨੂੰ ਨਿਸ਼ਚਿਤ ਕਰਨਾ ਵੀ ਸੈਨਿਕ ਅਤੇ ਰਾਜਨੀਤਿਕ ਫੈਸਲਾ ਹੈ। ਫਿਰ ਵੀ ਕਿਸੇ ਵਿਸ਼ੇਸ਼ ਮੰਤਵ ਦੀ ਕਾਲ-ਅਵਧੀ ਨੂੰ ਸੁਝਾਉ ਕੀਤੇ ਸਾਧਨਾਂ ਦੀ ਜ਼ਰੂਰਤ ਨੂੰ ਬਿਨਾਂ ਖਰਾਬ ਕੀਤੇ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ। ਜੰਗੀ ਕੋਸ਼ਿਸ਼ਾਂ ਨੂੰ ਸਰਕਾਰ ਦੇ ਫੈਸਲਿਆਂ ਮੁਤਾਬਿਕ ਫੈਲਾਉਣ ਜਾਂ ਵਿਵਸਥਿਤ ਕਰਨਾ ਚਾਹੀਦਾ ਹੈ।

## ਰੱਖਿਆ ਦਾ ਬਜਟ

## (**Defence Budget**)

ਇਸ ਤਰ੍ਹਾਂ ਅਸੀਂ ਸੈਨਿਕ ਮੰਤਵ ਨੂੰ ਆਰਥਿਕ ਗਤੀਸ਼ੀਲਤਾ ਦੇ ਆਕਾਰ ਦੇ ਸੰਬੰਧ ਵਿਚ ਪ੍ਰਗਟ ਕਰ ਸਕਦੇ ਹਾਂ। ਇਸ ਦੇ ਲਈ ਮੁਦਰਾ ਸੰਬੰਧੀ ਉਪਾਓ ਦਾ ਇਕ ਵਿੱਤੀ ਸਾਲ ਲਈ ਅੰਦਾਜ਼ਾ ਲਗਾ ਲੈਣਾ ਚਾਹੀਦਾ ਹੈ ਅਤੇ ਲੋੜੀਂਦੇ ਸਾਧਨਾਂ ਦੀ ਵਿਵਸਥਾ ਕਰ ਲੈਣੀ ਚਾਹੀਦੀ ਹੈ। ਕਈ ਵਾਰ ਅੰਕੜੇ ਖੋਖਲੇ (astronomical) ਹੀ ਹੁੰਦੇ ਹਨ। ਭਾਰਤ ਵਿਚ ਸਿਲਸਿਲੇਵਾਰ (phased) ਯੋਜਨਾਬੰਦੀ ਵਿਕਾਸ ਦੇ ਕਾਰਣ, ਇਸ ਦੇ ਸਾਲਾਨਾ ਬਜਟਾਂ ਵਿਚ ਗਤੀਸ਼ੀਲਤਾ ਦੀ ਪ੍ਰਕਿਰਿਆ ਦੇ ਤੱਤ ਇਨ੍ਹਾਂ ਦੀਆਂ ਪੰਜ ਸਾਲੀ

ਯੋਜਨਾਵਾਂ ਵਿਚ ਸ਼ਾਮਲ ਹੁੰਦੇ ਹਨ। 1965-66 ਤੋਂ ਅਪਣਾਈ ਗਈ ਪ੍ਰਗਤੀਸ਼ੀਲ ਅਤੇ ਅਗਾਂਹ-ਵਧੂ ਨੀਤੀ ਦੇ ਸਾਡੇ ਸੈਨਿਕ ਮੋਰਚਿਆਂ ਨੂੰ 1971 ਦੀਆਂ ਚੁਨੌਤੀਆਂ ਦਾ ਮੁਕਾਬਲਾ ਕਰਨ ਦੇ ਯੋਗ ਬਣਾ ਦਿੱਤਾ। ਦੇਸ਼ ਦੀ ਰੱਖਿਆ ਦੇ ਆਧਾਰਿਤ ਉਦਯੋਗਿਕ ਢਾਂਚੇ ਦੀ ਠੀਕ ਦਿਸ਼ਾ ਸਥਿਤੀ ਨੂੰ ਹੌਲੀ ਹੌਲੀ ਲਾਗੂ ਅਤੇ ਪੂਰਾ ਕੀਤਾ ਜਾ ਰਿਹਾ ਹੈ ਤਾਂ ਕਿ ਜ਼ਰੂਰਤ ਪੈਣ ਤੇ ਰਾਤੋਂ ਰਾਤ ਨੂੰ ਸੈਨਿਕ ਅਸਲਾ ਬਣਾਉਣ ਵਿਚ ਤਬਦੀਲ ਕਰ ਦਿੱਤਾ ਜਾਵੇ।

ਦੇਸ਼ ਦੀ ਸੈਨਿਕ ਤਿਆਰੀ ਨੂੰ ਮੁਦਰਾ ਸ਼ਬਦਾਂ ਵਿਚ ਅਨੁਭਵ ਕਰਨ ਲਈ ਇਹ ਜ਼ਰੂਰੀ ਹੈ ਕਿ ਰੱਖਿਅਕ ਲਾਗਤਾਂ ਦੇ ਤੱਤਾਂ ਦਾ ਵਿਸ਼ਲੇਸ਼ਣ ਅਤੇ ਭਾਰਤੀ ਜੰਗੀ ਬਜਟ ਦੇ ਢਾਂਚੇ ਵਿਚ ਅਧਿਐਨ ਕੀਤਾ ਜਾਵੇ। ਜੰਗਕਾਰਿਕਤਾ (belligerency) ਦੀ ਹਾਲਤ ਸਾਡੇ ਦੇਸ਼ ਦੀ ਰੱਖਿਅਕ ਬਜਟ ਦੇ ਰੂਪ ਰੇਖਾ ਨੂੰ ਅਸੀਂ ਵਿਦੇਸ਼ੀ ਜੰਗੀ ਬਜਟਾਂ ਤੋਂ ਪ੍ਰਾਪਤ ਕੀਤੇ ਗਏ ਅਨੁਭਵ ਦੇ ਆਧਾਰ ਤੇ ਤਿਆਰ ਕਰ ਸਕਦੇ ਹਾਂ। ਇਸ ਵਿਚ ਕੁਝ ਹੋ ਸਕਣ ਵਾਲੀਆਂ ਬਦਲੀਆਂ ਕਰ ਦਿੱਤੀਆਂ ਜਾਣ ਤਾਂ ਕਿ ਇਸ ਨੂੰ ਆਧੁਨਿਕ ਰੱਖਿਆ ਦੀਆਂ ਬਦਲ ਰਹੀਆਂ ਜ਼ਰੂਰਤਾਂ ਅਤੇ ਹੋਰ ਸੰਬੰਧਤ ਤੱਤਾਂ ਅਤੇ ਸਾਡੇ ਆਪਣੇ ਪਿਛਲੇ ਅਨੁਭਵਾਂ ਦੇ ਅਨੁਸਾਰ ਢਾਲ ਦਿੱਤਾ ਜਾਵੇ।

ਪੂਰਣ ਗਤੀਸ਼ੀਲਤਾ ਦੀ ਅਵਸਥਾ ਵਿਚ ਜ਼ਿਆਦਾ ਖਰਚ ਗੋਲਾ-ਬਾਰੂਦ ਅਤੇ ਹੋਰ ਜੰਗੀ ਅਸਲੇ ਉੱਤੇ ਹੁੰਦਾ ਹੈ। ਕੋਈ ਵੀ ਵਿਅਕਤੀ ਪੂਰੀ ਤਰ੍ਹਾਂ ਠੀਕ ਰੂਪ ਵਿਚ ਇਹ ਨਹੀਂ ਦੱਸ ਸਕਦਾ ਕਿ ਇਨ੍ਹਾਂ ਹਥਿਆਰਾਂ ਅਤੇ ਗੋਲਾ-ਬਾਰੂਦ ਉੱਤੇ ਕਿੰਨਾ ਕੁ ਖਰਚ ਹੋ ਜਾਵੇਗਾ, ਜਦੋਂ ਕਿ ਇਕ ਪ੍ਰਤੱਖ ਜੰਗ ਲੜੀ ਜਾ ਰਹੀ ਹੋਵੇ। ਜੇਕਰ ਇਹ ਜੰਗ ਭਿਅੰਕਰ ਹੋਵੇ ਅਤੇ ਸਾਡੀਆਂ ਸੈਨਾਵਾਂ ਨੂੰ ਹਾਰ ਦਾ ਮੂੰਹ ਦੇਖਣਾ ਪੈ ਰਿਹਾ ਹੋਵੇ ਤਾਂ ਗੋਲਾ ਬਾਰੂਦ ਅਤੇ ਹੋਰ ਜੰਗੀ ਅਸਲੇ ਦਾ ਬਹੁਤ ਨੁਕਸਾਨ ਹੋ ਸਕਦਾ ਹੈ। ਇਸ ਦੇ ਉਲਟ, ਜੇ ਅਸੀਂ ਦੁਸ਼ਮਣ ਨੂੰ ਹਰਾ ਰਹੇ ਹੋਈਏ ਤਾਂ ਸਾਡੇ ਹਥਿਆਰ ਅਤੇ ਗੋਲਾ-ਬਾਰੂਦ ਦੀ ਖਪਤ, ਜ਼ਰੂਰੀ ਨਹੀਂ ਕਿ ਇੰਨੀ ਜ਼ਿਆਦਾ ਹੋਵੇਗੀ। ਸਿਧਾਂਤਕ ਤੌਰ ਤੇ, ਅਸੀਂ ਆਪਣੇ ਜੰਗੀ ਭੰਡਾਰਾਂ ਵਿਚ ਦੁਸ਼ਮਣ ਦੇ ਗੋਦਾਮਾਂ ਉਪਰ ਕਬਜ਼ਾ ਕਰਕੇ ਦੁਸ਼ਮਣ ਦੇ ਲੜਾਈ ਦੇ ਵਿਚ ਪਕੜੇ ਜਾਣ ਵਾਲੇ ਜੰਗੀ ਅਸਲੇ ਵਿਚ ਵਾਧਾ ਕਰ ਸਕਦੇ ਹਾਂ।

ਦੂਜੀ ਵੱਡੀ ਜੰਗ ਦੇ ਦੌਰਾਨ, ਭਾਰਤ ਦਾ ਰੱਖਿਅਕ ਖਰਚ 1930-40 ਵਿਚ 46.10 ਕਰੋੜ ਤੋਂ ਵੱਧ ਕੇ 1944-45 ਵਿਚ 890.16 ਕਰੋੜ ਰੁਪਏ ਹੋ ਗਿਆ ਸੀ। ਇਹ ਸੱਚ ਹੈ ਕਿ ਉਸ ਕਾਲ ਵਿਚ ਭਾਰਤ ਦੀ ਸਥਿਤੀ ਵਰਤਮਾਨ ਸਥਿਤੀ ਤੋਂ ਭਿੰਨ ਸੀ।ਪਰੰਤੂ ਕੁਝ ਮਾਹਿਰਾਂ ਦਾ ਇਹ ਵਿਚਾਰ ਹੈ ਕਿ ਸਾਡੀਆਂ ਹਮਲਾ ਹੋਣ ਯੋਗ ਜ਼ਮੀਨੀ ਸਰਹੱਦਾਂ ਦੇ ਨਾਲ ਨਾਲ ਜੰਗੀ ਆਧਾਰ ਤੇ ਸੈਨਿਕ ਤਿਆਰ ਕਰਨ ਲਈ ਸਾਨੂੰ ਸ਼ਾਇਦ ਉਸ ਨਾਲੋਂ ਵੀ ਜ਼ਿਆਦਾ ਪ੍ਰਹਾਰ ਸ਼ਕਤੀ ਬਣਾਉਣ ਦੀ ਲੋੜ ਹੈ, ਜੋ ਕਿ ਦੇਸ਼ ਨੇ ਜੰਗ ਦੇ ਕਾਲ ਵਿਚ ਬਣਾਈ ਸੀ। 2014-15 ਦਾ ਰੱਖਿਆ ਬਜਟ ਪਹਿਲਾਂ ਨਾਲੋਂ 12% ਵੱਧ ਹੋ ਗਿਆ ਹੈ।

## ਗਤੀਸ਼ੀਲਤਾ ਦੀ ਨੀਤੀ
## (Strategy of Mobilization)

ਇਕ ਆਦਰਸ਼ ਗਤੀਸ਼ੀਲਤਾ ਦੀ ਯੋਜਨਾ ਕਿਸੇ ਰਾਸ਼ਟਰ ਦੀਆਂ ਮੌਲਿਕ ਮਹੱਤਵ ਵਾਲੀਆਂ ਕ੍ਰਿਆਵਾਂ ਵਿਚ ਬਿਨਾਂ ਕੋਈ ਗੜਬੜ ਕੀਤੇ ਲੋੜੀਂਦੇ ਸਾਧਨ ਪ੍ਰਦਾਨ ਕਰ ਸਕਦੀ ਹੈ। ਇਸ ਸੰਬੰਧ ਵਿਚ ਇਕ ਉਚਿਤ ਸਿਧਾਂਤ ਹੇਠ ਲਿਖਿਆ ਹੋ ਸਕਦਾ ਹੈ :

(ੳ) ਦੇਸ਼ ਦੀਆਂ ਪੰਜ ਸਾਲਾਂ ਯੋਜਨਾਵਾਂ ਨੂੰ ਇਸ ਢੰਗ ਨਾਲ ਬਣਾਉਣਾ ਚਾਹੀਦਾ ਹੈ ਕਿ ਅਚਾਨਕ ਹਮਲੇ ਦੀ ਹਾਲਤਾਂ ਸਮੇਂ ਇਨ੍ਹਾਂ ਵਿਚ ਸਮਾਯੋਜਨ (adjustment) ਸੰਭਵ ਹੋ ਸਕਣ।

(ਖ) ਦੇਸ਼ ਦੀ ਵਾਧੂ ਆਮਦਨ ਨੂੰ ਰੱਖਿਅਕ ਜ਼ਰੂਰਤਾਂ ਪੂਰੀਆਂ ਕਰਨ ਵਿਚ ਖਰਚ ਕਰ ਦੇਣਾ ਚਾਹੀਦਾ ਹੈ।

(ਗ) ਸੰਕਟ ਕਾਲ ਦੀ ਅਵਧੀ ਵਿਚ ਘਰੇਲੂ ਉਪਯੋਗ ਨੂੰ ਵਰਤਮਾਨ ਪੱਧਰਾਂ ਉੱਤੇ ਹੀ ਜਮ੍ਹਾਂ ਕਰ ਦੇਣਾ ਚਾਹੀਦਾ ਹੈ।

(ਘ) ਕੁਝ ਵਸਤੂਆਂ ਦੇ ਉਪਯੋਗ ਵਿਚ ਵਿਸ਼ੇਸ਼ ਕਟੌਤੀ ਕਰ ਦੇਣੀ ਚਾਹੀਦੀ ਹੈ।

(ਙ) ਰਾਸ਼ਟਰੀ ਉਪਜ ਨੂੰ ਕੰਮ ਕਰਨ ਦੇ ਘੰਟਿਆਂ ਵਿਚ ਵਾਧਾ ਕਰਕੇ ਵਧਾ ਦੇਣਾ ਚਾਹੀਦਾ ਹੈ।

(ਚ) ਰਾਸ਼ਟਰੀ ਉਪਜ ਨੂੰ ਵਾਧੂ ਰੋਜ਼ਗਾਰ ਦੇ ਕੇ ਹੋਰ ਜ਼ਿਆਦਾ ਵਧਾ ਦੇਣਾ ਚਾਹੀਦਾ ਹੈ।

(ਛ) ਦੇਸ਼ ਦੇ ਸਾਧਨਾਂ ਨੂੰ ਰੱਖਿਅਕ ਉਦੇਸ਼ਾਂ ਦੀ ਪੂਰਤੀ ਵਲ ਕੇਂਦਰਤ ਕਰ ਦੇਣਾ ਚਾਹੀਦਾ ਹੈ।

(ਜ) ਮਿੱਤਰ ਦੇਸ਼ਾਂ ਨਾਲ ਸੰਬੰਧਿਤ ਦੇਸ਼ਾਂ ਤੋਂ ਸਹਾਇਤਾ ਪ੍ਰਾਪਤ ਕਰਨੀ ਚਾਹੀਦੀ ਹੈ।

ਆਰਥਿਕ ਲਾਮਬੰਦੀ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ।

**ਆਰਥਿਕ ਲਾਮਬੰਦੀ (Economic Mobilisation)**

(1) ਮਾਲੀ ਗਤੀਸ਼ੀਲਤਾ (Fiscal Mobilisation) (2) ਭੌਤਿਕ ਸਾਧਨਾਂ ਦੀ ਲਾਮਬੰਦੀ (Physical Mobilisation) (3) ਨੈਤਿਕ ਲਾਮਬੰਦੀ Moral Mobilisation)

ਟੈਕਸ (Taxation) ਉਧਾਰ ਲੈ ਕੇ (Borrowings) ਘਾਟੇ ਦੀ ਵਿੱਤ ਵਿਵਸਥਾ (Deficit Financing) ਖਪਤ ਦੇ ਰੋਕ ਲਾਉਣੀ (Consumption Freeze) ਉਤਪਾਦਨ ਵਧਾ ਕੇ (Increased Production)

ਪ੍ਰਤਖ ਕਰ (Direct Taxes) ਅਪ੍ਰਤਖ ਕਰ (Indirect Taxes)

*ਖਪਤ ਤੇ ਕਾਬੂ
*ਖਾਸ ਚੀਜ਼ਾਂ ਦੀ ਖਪਤ ਤੇ ਰੋਕ
*ਸਰਕਾਰੀ ਖਰਚ ਘਟਾ ਕੇ

*ਕੰਮ ਦੇ ਘੰਟਿਆਂ ਵਿਚ ਵਾਧਾ
*ਵਾਧੂ ਰੋਜ਼ਗਾਰ
*ਛੁੱਟੀਆਂ ਘਟਾ ਕੇ

## (1) ਮਾਲੀ ਗਤੀਸ਼ੀਲਤਾ
## (Fiscal Mobilization)

ਸਰਕਾਰ ਰਾਸ਼ਟਰੀ ਰੱਖਿਆ ਦੇ ਲਈ ਭੌਤਿਕ ਸਾਧਨਾਂ ਦੀ ਗਤੀਸ਼ੀਲਤਾ ਖਰੀਦਦਾਰੀ ਦੇ ਰੂਪ ਵਿਚ ਕਰ ਸਕਦੀ ਹੈ ਪਰ ਇਸ ਨਾਲ ਅਰਥ ਵਿਵਸਥਾ ਵਿਚ ਮੁਦਰਾ ਦਾ ਫੈਲਾਓ ਵਧ ਜਾਵੇਗਾ ਜਿਸ ਵਿਚ ਕੀਮਤਾਂ ਵਿਚ ਵਾਧਾ ਹੁੰਦਾ ਹੈ। ਦੇਸ਼ ਦੀ ਕੀਮਤ ਅਤੇ ਢਾਂਚੇ ਅਤੇ ਆਰਥਿਕ ਸਥਿਰਤਾ ਦੇ ਹਿਤ ਲਈ, ਇਹ ਫੈਲੀ ਹੋਈ ਮੁੱਦਰਾ ਸਰਕਾਰ ਕੋਲ ਵਾਪਿਸ ਆਉਣੀ ਚਾਹੀਦੀ ਹੈ। ਸਰਕਾਰ ਦੁਆਰਾ ਬਾਜਾਰ ਵਿਚੋਂ ਵਸਤੂਆਂ ਅਤੇ ਸੇਵਾਵਾਂ ਦੀ ਪ੍ਰਾਪਤੀ ਕਰਨਾ ਰੱਖਿਅਕ ਗਤੀਸ਼ੀਲਤਾ (Defence Mobilization) ਦਾ ਭੌਤਿਕ ਪੱਖ (Physical aspect) ਹੈ ਅਤੇ ਆਰਥਿਕਤਾ ਦੀ ਸਰਕੂਲੇਸ਼ਨ ਵਿਚ ਮੁੱਦਰਾ ਨੂੰ ਕੱਢਣ ਦੀ ਕ੍ਰਿਆ ਇਸ ਦਾ ਮਾਲੀ ਪੱਖ (Fiscal aspect) ਕਹਾਉਂਦਾ ਹੈ। ਇਕ ਵਟਾਂਦਰੇ ਵਾਲੀ ਅਰਥ ਵਿਵਸਥਾ ਵਿਚ ਰੱਖਿਅਕ ਗਤੀਸ਼ੀਲਤਾ ਦੇ ਭੌਤਿਕ ਅਤੇ ਮਾਲੀ ਪੱਖ ਇਕ ਸਿੱਕੇ ਦੇ ਦੋ ਪਾਸੇ ਹੁੰਦੇ ਹਨ ਅਤੇ ਇਹਨਾਂ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਭਾਵੇਂ ਦੋਨੋਂ ਆਮ ਕਰਕੇ ਬਰਾਬਰ ਆਕਾਰ (dimension) ਦੇ ਨਹੀਂ ਹੁੰਦੇ। ਇਕ ਜੰਗ-ਕਾਲੀ ਅਰਥ ਵਿਵਸਥਾ ਵਿਚ ਭੌਤਿਕ ਗਤੀਸ਼ੀਲਤਾ ਦੀ ਮਾਤਰਾ (Volume) ਮਾਲੀ ਸਾਧਨਾਂ (Fiscal means) ਦੁਆਰਾ ਅਸਲ ਵਿਚ ਗਤੀਸ਼ੀਲ ਹੋਣ ਵਾਲੀ ਮਾਤ੍ਰਾ ਤੋਂ ਵੱਧ ਜਾਂਦੀ ਹੈ ਅਤੇ ਭੌਤਿਕ ਗਤੀਸ਼ੀਲਤਾ ਦਾ ਇਹ ਵਾਧਾ ਦੇਸ਼ ਦੀ ਕੀਮਤ ਪੱਧਰ ਉੱਤੇ ਨਾਜਾਇਜ਼ ਬੋਝ ਪਾਉਂਦਾ ਹੈ ਅਤੇ ਆਰਥਿਕਤਾ ਵਿਚ ਮੁੱਦਰਾ ਸਫੀਤੀ (Inflation) ਦੀਆਂ ਪ੍ਰਵਿਰਤੀਆਂ ਨੂੰ ਪੈਦਾ ਕਰਦਾ ਹੈ। ਜਿਸ ਨਾਲ ਦੇਸ਼ ਵਿਚ ਕੀਮਤਾਂ ਵੱਧਣ ਲੱਗ ਜਾਂਦੀਆਂ ਹਨ।

ਮੁੱਦਰਾ ਨੂੰ ਗਤੀਸ਼ੀਲ ਕਰਨ ਦਾ ਪ੍ਰਮੁੱਖ ਸਾਧਨ ਕਰ (tax) ਹਨ ਜੋ 'ਗਤੀਸ਼ੀਲਤਾ' ਸ਼ਬਦ ਦੇ ਪ੍ਰਯੋਗ ਨੂੰ ਮੁਨਾਸਿਬ ਕਰਦੇ ਹਨ। ਜੰਗੀ-ਅਰਥ ਵਿਵਸਥਾ ਦੇ ਸੰਬੰਧ ਵਿਚ ਕੇਵਲ ਭੌਤਿਕ ਗਤੀਸ਼ੀਲਤਾ ਕਰਨਾ ਇਕ ਆਦਰਸ਼ ਹਾਲਤ ਹੁੰਦੀ ਹੈ। ਜੇਕਰ ਮਾਲੀ ਗਤੀਸ਼ੀਲਤਾ ਤੋਂ ਉਚਿਤ ਨਤੀਜੇ ਨਾ ਪ੍ਰਾਪਤ ਹੁੰਦੇ ਹੋਣ ਤਾਂ ਸਰਕਾਰ ਨੂੰ ਘਾਟੇ ਦੀ ਵਿੱਤ ਵਿਵਸਥਾ (Deficit Financing) ਦੀ ਨੀਤੀ ਅਪਨਾਉਣੀ ਪੈਂਦੀ ਹੈ ਜੋ ਕਿ ਇਕ ਨਾਂ-ਮੁਰਾਦ ਚੀਜ਼ ਹੈ। ਸਭ ਤੋਂ ਪਹਿਲਾਂ ਤਾਂ ਇਸ ਨਾਲ ਲੋਕਾਂ ਦੀ ਹਮਦਰਦੀ ਨਹੀਂ ਹੁੰਦੀ ਜਾਂ ਇਹ ਲੋਕਾਂ ਦੇ ਉਤਸ਼ਾਹ ਨੂੰ ਉਸਾਰੂ ਕੰਮ ਵਲ ਗਤੀਸ਼ੀਲ ਕਰਨ ਵਿਚ ਅਸਫਲ ਰਹਿੰਦੀ ਹੈ। ਦੂਸਰੇ ਇਹ ਮੁੱਦਰਾ ਸਫੀਤੀ ਦੀਆਂ ਸਰਗਰਮੀਆਂ ਨੂੰ ਤੇਜ਼ ਕਰ ਦਿੰਦੀ ਹੈ।

ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਰੱਖਿਅਕ ਖਰਚ ਅੰਦਰੂਨੀ ਤੌਰ ਤੇ ਆਰਥਿਕ ਗੱਲਾਂ ਕਾਰਣ ਸੀਮਿਤ ਹੁੰਦਾ ਹੈ। ਇਹ ਖਰਚੀਲਾ ਰੱਖਿਅਕ ਬਜਟ ਦੇਸ਼ ਦੀ ਅਰਥ ਵਿਵਸਥਾ ਦਾ ਨਾਸ਼ ਕਰਦਾ ਹੈ। ਦੇਸ਼ ਦੇ ਵਿੱਤੀ, ਭੌਤਿਕ ਅਤੇ ਮਾਨਵੀ ਸਾਧਨਾਂ ਦੀ ਖਪਤ ਉਸ ਦੇ ਸਾਰੇ ਆਰਥਿਕ ਢਾਂਚੇ ਨੂੰ ਕਮਜ਼ੋਰ ਕਰ ਸਕਦੀ ਹੈ ਅਤੇ ਲੋਕਾਂ ਦੀ ਦੁਸ਼ਮਣ ਨਾਲ ਮੁਕਾਬਲਾ ਕਰਨ ਦੀ ਇੱਛਾ ਵੀ ਤੋੜ ਸਕਦੀ ਹੈ ਅਤੇ ਉਤਪਾਦਨ ਪ੍ਰਣਾਲੀ ਵਿਚ ਗੜਬੜ ਪੈਦਾ ਕਰ ਸਕਦੀ ਹੈ। ਭਾਰਤ ਇਕ ਚੰਗੀ ਹਾਲਤ ਵਿਚ ਹੈ, ਕਿਉਂਕਿ ਉਹ ਇਸ ਤਰੀਕੇ ਨੂੰ ਵਰਤ ਰਿਹਾ ਹੈ ਜੋ ਕਿ ਆਮ ਕਰਕੇ ਜੰਗ-ਕਾਲੀ ਰਾਸ਼ਟਰ ਕੋਲ ਨਹੀਂ ਪਾਇਆ ਜਾਂਦਾ। ਇਹ ਇਸ ਦਾ ਵਧਦਾ ਜਾ ਰਿਹਾ ਉਤਪਾਦਨ ਅਤੇ ਵਧਦੀ ਹੋਈ ਉਤਪਾਦਨ ਕਰਨ ਦੀ ਸਮਰਥਾ ਹੈ ਜੋ ਕਿ ਇਸ ਦੀਆਂ ਆਰਥਿਕ ਯੋਜਨਾਵਾਂ ਦੀ ਦੇਣ ਹੈ ਅਤੇ ਜਿਸ ਨੂੰ ਰੱਖਿਆ ਦੀਆਂ ਕੋਸ਼ਿਸ਼ਾਂ ਕਰਨ ਵਿਚ ਵਰਤਿਆ ਜਾ ਸਕਦਾ ਹੈ।

ਆਰਥਿਕ ਸਮੱਸਿਆਵਾਂ ਦਾ ਵਿਧਾਨਕ, ਮਾਲੀ ਅਤੇ ਆਰਥਿਕ ਸਾਧਨਾਂ ਦੀ ਮਦਦ ਨਾਲ ਗੱਲ ਕਰਨਾ ਇਕ ਰੀਤ ਹੀ ਹੈ। ਜੰਗਕਾਰਿਤਾ ਦੀ ਹਾਲਤ ਵਿਚ, ਜਦੋਂ ਕਿ ਸੰਭਵ ਤੇ ਜ਼ਰੂਰੀ ਹੋਵੇ, ਇਸ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਪਰੰਤੂ ਇਨ੍ਹਾਂ ਉਤੇ ਜ਼ਿਆਦਾ ਨਿਰਭਰ ਨਹੀਂ ਕਰਨਾ ਚਾਹੀਦਾ। ਲੋਕਾਂ ਦੀ ਸੁਚੇਤ ਚੇਤੰਨਤਾ, ਉੱਚਾ ਹੌਸਲਾ ਅਤੇ ਕੁਝ ਹਾਸਲ ਕਰਨ ਦੀ ਕਾਰਵਾਈ ਰੱਖਿਆ ਦੇ ਯਤਨਾਂ ਲਈ ਪ੍ਰਭਾਵਸ਼ਾਲੀ ਸਿੱਧ ਹੋ ਸਕਦੇ ਹਨ। ਉਪਰ ਦਸੀ ਗਈ ਜੰਗੀ ਕੋਸ਼ਿਸ਼ (war effort) ਲਈ ਲੋਕਾਂ

ਦਾ ਉਤਸ਼ਾਹ ਅਤੇ ਸਹਿਯੋਗ ਪ੍ਰਾਪਤ ਕਰਨ ਲਈ ਇਕ ਯੋਜਨਾ ਬਣਾਉਣੀ ਚਾਹੀਦੀ ਹੈ ਅਤੇ ਇਸ ਨੂੰ ਰਾਸ਼ਟਰੀ ਰੱਖਿਆ ਦੇ ਅਨੁਸਾਰ ਅਤੇ ਵਾਸਤਵਿਕ ਵੱਲ ਕੇਂਦਰਤ ਕਰ ਦੇਣਾ ਚਾਹੀਦਾ ਹੈ।

ਲੋਕਾਂ ਦੀ ਰੱਖਿਆ ਲਈ ਕਈ ਹਿਮਾਇਤ ਅਤੇ ਉਤਸ਼ਾਹ ਨੂੰ ਪ੍ਰਾਪਤ ਕਰਨ ਲਈ ਵੱਖੋ-ਵੱਖ ਸੈਕਟਰਾਂ ਦੇ ਅਨੁਸਾਰ ਇਕ ਸੰਯੁਕਤ ਯੋਜਨਾ ਬਣਾਉਣੀ ਚਾਹੀਦੀ ਹੈ ਇਸ ਯੋਜਨਾ ਨੂੰ ਹੇਠ ਲਿਖੇ ਪੰਜ ਕਾਰਜ ਖੇਤਰਾਂ ਵੱਲ ਸੰਬੰਧਿਤ ਕਰ ਦੇਣਾ ਚਾਹੀਦਾ ਹੈ।

(ਕ) ਸਾਧਨਾਂ ਦੀ ਗਤੀਸ਼ੀਲਤਾ ਕਰਨ ਵਲ।

(ਖ) ਦੇਸ਼ ਵਿਚ ਬੱਚਤਾਂ ਅਤੇ ਉਤਪਾਦਨ ਨੂੰ ਵਧਾਉਣ ਵਲ।

(ਗ) ਬਾਜ਼ਾਰ ਦੀ ਪੂਰਤੀ ਅਤੇ ਕੀਮਤ ਰੇਖਾ ਵਲ।

(ਘ) ਸੰਚਾਰ, ਸੂਚਨਾ (intelligence) ਅਤੇ ਹੌਸਲਾ ਬਣਾਈ ਰੱਖਣ ਵਲ।

(ਙ) ਮਾਨਵੀ ਸਥਿਤੀ ਦੀ ਸੰਗਠਨ ਅਤੇ ਅਸੈਨਿਕ ਰੱਖਿਆ ਦੀ ਸਿਖਲਾਈ ਵਲ।

ਜੇਕਰ ਅਸੀਂ ਸਾਧਨਾਂ ਦੀ ਗਤੀਸ਼ੀਲਤਾ ਦੀ ਯੋਜਨਾ ਨੂੰ ਲੋਕਾਂ ਦੇ ਫਰਜ਼ ਵਿਚ ਬਦਲ ਦੇਈਏ ਤਾਂ ਕੰਮ ਦਾ ਵਰਗੀਕਰਨ ਇਸ ਤਰ੍ਹਾਂ ਹੋ ਸਕਦਾ ਹੈ ਭਾਵੇਂ ਕਿ ਲੋਕਾਂ ਦੀ ਮਨ ਵਿਚ ਮਾਲੀ ਸਾਧਨ ਜੁਟਾਉਣ ਦੀ ਭਾਵਨਾ ਪੈਦਾ ਕੀਤੀ ਜਾਵੇ।

(i) ਸਾਦਾ ਜੀਵਨ (ii) ਕਰਾਂ ਦੀ ਅਦਾਇਗੀ (iii) ਦਾਨ (iv) ਰੱਖਿਆ ਦੇ ਕਰਜ਼ਿਆਂ ਨੂੰ ਅਦਾ ਕਰਨਾ।

## (2) ਭੌਤਿਕ ਸਾਧਨਾਂ ਦੀ ਲਾਮਬੰਦੀ

## (Physical Mobilisation)

ਜੰਗ ਸਮੇਂ ਸਾਨੂੰ ਸਾਰੇ ਵਸੀਲਿਆਂ ਨੂੰ ਲਾਮਬੰਦ ਕਰਨਾ ਪੈਂਦਾ ਹੈ। ਇਹ ਲਾਮਬੰਦੀ ਦਾ ਪ੍ਰੋਗਰਾਮ ਇਸ ਤਰ੍ਹਾਂ ਬਣਾਇਆ ਜਾਣਾ ਚਾਹੀਦਾ ਹੈ ਜਿਸ ਨਾਲ ਸਰਕਾਰ ਦੇ ਚਲ ਰਹੇ ਪ੍ਰੋਗਰਾਮ ਉਪਰ ਕੋਈ ਮਾੜਾ ਅਸਰ ਨਾ ਪਵੇ। ਭੌਤਿਕ ਸਾਧਨਾਂ ਦੀ ਲਾਮਬੰਦੀ ਤੋਂ ਭਾਵ ਹੈ, ਰਾਸ਼ਟਰੀ ਆਰਥਿਕ ਉੱਨਤੀ ਜਾਂ ਜੰਗ ਵਰਗੀ ਹਾਲਤ ਵਿਚ ਕੁਦਰਤੀ ਸਾਧਨਾਂ ਨੂੰ ਲਾਮਬੰਦ ਕਰਨਾ। ਕਿਉਂਕਿ ਜੰਗ ਦੌਰਾਨ ਚੀਜ਼ਾਂ ਦੀ ਮੰਗ ਵੱਧ ਜਾਂਦੀ ਹੈ। ਇਸ ਲਈ ਸਰਕਾਰ ਨੂੰ ਇਸ ਵਧੀ ਹੋਈ ਮੰਗ ਨੂੰ ਪੂਰਾ ਕਰਨ ਲਈ ਕੁਝ ਕਦਮ ਚੁਕਣੇ ਪੈਂਦੇ ਹਨ ਜਿਵੇਂ ਕਿ ਖਪਤ ਉਪਰ ਰੋਕ ਲਾਉਣੀ ਜਾਂ ਚੀਜ਼ਾਂ ਦੇ ਉਤਪਾਦਨ ਨੂੰ ਵਧਾ ਕੇ। ਹੁਣ ਅਸੀਂ ਇਸ ਨੂੰ ਵਿਸਤਾਰ ਨਾਲ ਪੜ੍ਹਾਂਗੇ।

### (ੳ) ਖਪਤ ਉਪਰ ਰੋਕ ਲਗਾ ਕੇ (Restraint on consumption) :

ਜੰਗ ਲਈ ਵਸੀਲੇ ਜੁਟਾਉਣ ਦਾ ਪਹਿਲਾ ਤਰੀਕਾ ਇਹ ਕਿ ਖਪਤ ਉਪਰ ਕਾਬੂ ਰਖਿਆ ਜਾਵੇ। ਜੰਗੀ ਰਾਸ਼ਟਰਾਂ ਨੇ ਪਹਿਲਾਂ ਵੀ ਇਹ ਤਰੀਕੇ ਅਪਣਾਏ ਹਨ ਜਿਸ ਵਿਚ ਆਮ ਆਦਮੀਆਂ ਦੀ ਖਪਤ ਉਪਰ ਰੋਕ ਲਾ ਕੇ ਮੰਗ ਲਈ ਵਸੀਲੇ ਜੁਟਾਏ ਹਨ। ਪਰ ਇਹ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਜਿਸ ਵਿਚ ਆਮ ਆਦਮੀ ਉਪਰ ਜ਼ਿਆਦਾ ਬੋਝ ਨਾ ਪਵੇ ਅਤੇ ਉਸ ਨੂੰ ਤਕਲੀਫਾਂ ਦਾ ਸਾਹਮਣਾ ਨਾ ਕਰਨਾ ਪਵੇ। ਇਹ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ :

(i) ਸਭ ਤੋਂ ਪਹਿਲਾਂ ਘਰੇਲੂ ਖਰਚ ਉਪਰ ਰੋਕ ਲਾਈ ਜਾਂਦੀ ਹੈ ਅਤੇ ਲੋਕਾਂ ਨੂੰ ਦੇਸ਼ ਲਈ ਕੁਰਬਾਨੀ ਕਰਨ ਲਈ ਤਿਆਰ ਕੀਤਾ ਜਾਂਦਾ ਹੈ। ਸਿਰਫ ਜ਼ਰੂਰਤ ਦੀਆਂ ਚੀਜ਼ਾਂ ਦੀ ਸਪਲਾਈ ਕੀਤੀ ਜਾਂਦੀ ਹੈ ਅਤੇ ਆਰਾਮ ਵਾਲੀਆਂ ਚੀਜ਼ਾਂ (Luxury goods) ਉਪਰ ਰੋਕ ਲਾ ਦਿੱਤੀ ਜਾਂਦੀ ਹੈ।

(ii) ਉਹਨਾਂ ਸਾਧਨਾਂ ਉਪਰ, ਜਿਹੜੇ ਕਿ ਮਨੁੱਖ ਲਈ ਜ਼ਿਆਦਾ ਜ਼ਰੂਰੀ ਨਹੀਂ ਹਨ, ਰੋਕ ਲਾ ਦਿੱਤੀ ਜਾਂਦੀ ਹੈ ਅਤੇ ਯੁੱਧਨੀਤਿਕ ਤੌਰ ਤੇ ਜ਼ਰੂਰੀ ਚੀਜ਼ਾਂ ਜਿਵੇਂ ਲੋਹਾ, ਤਾਂਬਾ, ਨਿੱਕਲ ਅਤੇ ਰਬੜ ਆਦਿ

ਦੀ ਖਪਤ ਘਟਾ ਦਿੱਤੀ ਜਾਂਦੀ ਹੈ ਕਿਉਂਕਿ ਇਹਨਾਂ ਦਾ ਇਸਤੇਮਾਲ ਸੈਨਿਕ ਉਦਯੋਗਾਂ ਵਿਚ ਕੀਤਾ ਜਾਂਦਾ ਹੈ।

(iii) ਖਪਤ ਉਪਰ ਕਾਬੂ ਰੱਖਣ ਦਾ ਤੀਜਾ ਤਰੀਕਾ ਇਹ ਹੈ ਕਿ ਸਰਕਾਰ ਨੂੰ ਵੀ ਆਪਣੇ ਖਰਚ ਉਪਰ ਕਾਬੂ ਰੱਖਣਾ ਚਾਹੀਦਾ ਹੈ ਪਰ ਇਸ ਨਾਲ ਇਹ ਨਹੀਂ ਹੋਣਾ ਚਾਹੀਦਾ ਕਿ ਸਰਕਾਰ ਸਮਾਜ ਭਲਾਈ ਦੀਆਂ ਸਕੀਮਾਂ ਹੀ ਬੰਦ ਕਰ ਦੇਵੇ ਸਗੋਂ ਇਸ ਦਾ ਮਤਲਬ ਇਹ ਹੈ ਕਿ ਮੰਤਰੀਆਂ ਨੂੰ ਅਪਾਣੇ ਟੂਰਾਂ ਵਿਚ ਕਟੌਤੀ ਕਰ ਦੇਣੀ ਚਾਹੀਦੀ ਹੈ ਅਤੇ ਖਰਚੇ ਘਟਾਉਣ ਦਾ ਯਤਨ ਕਰਨਾ ਚਾਹੀਦਾ ਹੈ।

### (ਅ) ਉਤਪਾਦਨ ਵਿਚ ਵਾਧਾ ਕਰਕੇ (**Increased Production**) :

ਆਰਥਿਕ ਸਾਧਨਾਂ ਦੀ ਲਾਮਬੰਦੀ ਲਈ ਅਤੇ ਵੱਧ ਤੋਂ ਵੱਧ ਸਾਧਨ ਜੁਟਾਉਣ ਲਈ ਖਪਤ ਉਪਰ ਰੋਕ ਲਾਉਣੀ ਚਾਹੀਦੀ ਹੈ ਅਤੇ ਭਵਿੱਖ ਲਈ ਸਾਮਾਨ ਬਚਾ ਕੇ ਰੱਖਣਾ ਚਾਹੀਦਾ ਹੈ ਕਿਉਂਕਿ ਜੰਗ ਦੇ ਖਤਮ ਹੋਣ ਦਾ ਸਮਾਂ ਨਿਸ਼ਚਿਤ ਨਹੀਂ ਹੁੰਦਾ ਪਰ ਕਈ ਵਾਰ ਖਪਤ ਤੇ ਰੋਕ ਲਾਉਣ ਤੋਂ ਇਲਾਵਾ ਹੋਰ ਵੀ ਤਰੀਕੇ ਅਪਣਾਉਣੇ ਪੈਂਦੇ ਹਨ ਜਿਵੇਂ ਕਿ ਉਤਪਾਦਨ ਵਿਚ ਵਾਧਾ ਕਰਕੇ। ਇਸ ਨੂੰ ਹੇਠ ਲਿਖੇ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ।

(i) ਜਦੋਂ ਕੋਈ ਮੁਲਕ ਜੰਗ ਲੜਦਾ ਹੈ ਤਾਂ ਉਸ ਨੂੰ ਸਭ ਤੋਂ ਪਹਿਲਾਂ ਕੰਮ ਕਰਨ ਦੇ ਘੰਟਿਆਂ ਵਿਚ ਵਾਧਾ ਕਰਨਾ ਚਾਹੀਦਾ ਹੈ ਜਿਸ ਨਾਲ ਉਤਪਾਦਨ ਵਿਚ ਵਾਧਾ ਹੋ ਸਕੇ। ਇਕ ਅਨੁਮਾਨ ਅਨੁਸਾਰ ਜੇਕਰ ਸ਼ਹਿਰਾਂ ਵਿਚ ਕੰਮ ਕਰਨ ਕਰਨ ਦੇ ਘੰਟਿਆਂ ਵਿਚ ਇਕ ਘੰਟੇ ਦਾ ਵੀ ਵਾਧਾ ਕੀਤਾ ਜਾਵੇ ਤਾਂ ਇਸ ਨਾਲ ਕੁਲ ਉਤਪਾਦਨ ਵਿਚ 16% ਵਾਧਾ ਕੀਤਾ ਜਾ ਸਕਦਾ ਹੈ।

(ii) ਉਤਪਾਦਨ ਵਧਾਉਣ ਦਾ ਇਕ ਹੋਰ ਸਾਧਨ ਇਹ ਹੈ ਕਿ ਜੰਗੀ ਲੋੜਾਂ ਲਈ ਵਾਧੂ ਰੁਜ਼ਗਾਰ ਦੇ ਸਾਧਨ ਪੈਦਾ ਕੀਤੇ ਜਾਣ। ਇਸ ਵਿਚ ਬੇਰੁਜ਼ਗਾਰ ਲੋਕਾਂ ਨੂੰ ਕੰਮ ਦੇ ਕੇ, ਰਿਟਾਇਰ ਹੋ ਚੁੱਕੇ ਲੋਕਾਂ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਵਾਧੂ ਰੁਜ਼ਗਾਰ ਦੇ ਸਾਧਨ ਪੈਦਾ ਕਰਕੇ ਅਨੁਮਾਨ ਹੈ ਕਿ ਉਤਪਾਦਨ ਵਿਚ ਲਗਭਗ 10% ਤਕ ਵਾਧਾ ਕੀਤਾ ਜਾ ਸਕਦਾ ਹੈ।

(iii) ਉਤਪਾਦਨ ਵਿਚ ਵਾਧਾ ਕਰਨ ਦਾ ਇਕ ਹੋਰ ਤਰੀਕਾ ਇਹ ਹੈ ਕਿ ਛੁੱਟੀਆਂ ਦਾ ਸਮਾਂ ਘੱਟ ਕਰ ਦਿੱਤਾ ਜਾਵੇ। ਭਾਰਤ ਵਰਗੇ ਗਰੀਬ ਦੇਸ਼ ਵਿਚ ਪਹਿਲਾਂ ਹੀ ਬਹੁਤ ਛੁੱਟੀਆਂ ਹੁੰਦੀਆਂ ਹਨ ਇਸ ਲਈ ਐਮਰਜੈਂਸੀ ਵਿਚ ਸਰਕਾਰੀ ਛੁੱਟੀਆਂ ਘਟਾ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਉਤਪਾਦਨ ਵਿਚ ਕਮੀ ਨਾ ਆਵੇ।

### (ੲ) ਸਾਧਨਾਂ ਦੀ ਸਹੀ ਅਤੇ ਸਮੇਂ-ਸਿਰ ਵੰਡ ਕਰਕੇ : (**Diversion of resources in right way on right time)**

ਸਾਧਨਾਂ ਦੀ ਲਾਮਬੰਦੀ ਦਾ ਆਖਰੀ ਤਰੀਕਾ ਇਹ ਹੈ ਕਿ ਆਮ ਲੋਕਾਂ ਦੇ ਸਾਧਨਾਂ ਨੂੰ ਘੱਟ ਕਰਕੇ ਜੰਗੀ ਲੋੜਾਂ ਵਲ ਵਰਤਿਆ ਜਾਵੇ। ਪਰ ਇਹ ਕੰਮ ਇਸ ਤਰ੍ਹਾਂ ਨਾਲ ਹੋਣਾ ਚਾਹੀਦਾ ਹੈ ਕਿ ਉਤਪਾਦਨ ਦੇ ਕਿਸੇ ਵੀ ਖੇਤਰ ਉਪਰ ਅਸਰ ਨਾ ਪਵੇ ਅਤੇ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਵਿਚ ਚੇਤੰਨਤਾ ਪੈਦਾ ਕਰੇ ਤਾਂ ਕਿ ਜਿਹੜੇ ਕੰਮ ਅਜੇ ਜ਼ਰੂਰੀ ਨਹੀਂ ਹਨ ਉਸ ਨੂੰ ਕਰਨ ਤੋਂ ਰੋਕਿਆ ਜਾ ਸਕੇ ਜਿਵੇਂ : ਮਕਾਨ ਬਣਾਉਣੇ, ਸਿਨੇਮਾ, ਦੁਕਾਨਾਂ ਆਦਿ ਬਣਾਉਣਾ ਜਿਸ ਵਿਚ ਕਿ ਬਹੁਤ ਮਾਤਰਾ ਵਿਚ ਸੀਮੇਂਟ, ਲੋਹਾ ਅਤੇ ਹੋਰ ਕੱਚਾ ਮਾਲ ਵਰਤਿਆ ਜਾਂਦਾ ਹੈ, ਉਸ ਨੂੰ ਜੰਗੀ ਲੋੜਾਂ ਵਾਸਤੇ ਵਰਤਿਆ ਜਾ ਸਕੇ।

ਉਪਯੋਗ ਚੇਤੰਨਤਾ (Consumption Consciousness) ਨੂੰ ਰੱਖਿਆ ਦੇ ਉਤਪਾਦਨ ਨਾਲ ਲਗਭਗ

ਉਸ ਮਾਤਰਾ ਵਿਚ ਜਿਵੇਂ ਕਿ ਉਪਭੋਗ ਉਤੇ ਪਾਬੰਦੀ ਲਗਾਈ ਗਈ ਹੋਵੇ, ਸੰਬੰਧਿਤ ਕਰਨਾ ਚਾਹੀਦਾ ਹੈ। ਇਸ ਤੋਂ ਭਾਵ ਹੈ ਕਿ ਲੋਕਾਂ ਨੂੰ ਉਪਯੋਗ ਉੱਤੇ ਘੱਟ ਖਰਚਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਉਨ੍ਹਾਂ ਦੇ ਮਨ ਵਿਚ ਬਹੁਤ ਅਤੇ ਜ਼ਿਆਦਾ ਉਤਪਾਦਨ ਕਰਨ ਦੀ ਭਾਵਨਾ ਨੂੰ ਪੈਦਾ ਕੀਤਾ ਜਾਵੇ। ਇਸ ਗਤੀਸ਼ੀਲਤਾ ਦੀ ਯੋਜਨਾ ਨੂੰ ਹੇਠ ਲਿਖੇ ਨਿਰਦੇਸ਼ਾਂ ਦੀ ਲੋੜ ਹੈ :

(i) ਬਚਤ

(ii) ਹਰ ਰੋਜ਼ ਜ਼ਿਆਦਾ ਕੰਮ ਕਰਨਾ।

(iii) ਨਵੇਂ ਉਤਪਾਦਨ ਦੇ ਕੇਂਦਰਾਂ ਵਿਚ ਜਾ ਮਿਲਣਾ।

(iv) ਵਾਧੂ ਸ਼ਿਫਟਾਂ ਅਤੇ ਨਵੇਂ ਇਲਾਕਿਆਂ ਵਿਚ ਕੰਮ ਕਰਨਾ।

(v) ਦਿਹਾਤੀ ਖੇਤਰਾਂ ਦੇ ਉਤਪਾਦਨ ਵਿਚ ਵਾਧਾ ਕਰਨਾ।

ਜੰਗ ਦੇ ਸਮੇਂ ਦੌਰਾਨ, ਮੁਦਰਾ ਸਫੀਤੀ (Inflation) ਦੀ ਦਰ ਇਕ ਵੱਡੀ ਸਮੱਸਿਆ ਹੈ ਜੋ ਦੇਸ਼ ਲਈ ਨਵੀਆਂ ਮੁਸੀਬਤਾਂ ਪੈਦਾ ਕਰ ਸਕਦੀ ਹੈ ਅਤੇ ਇਥੋਂ ਤੱਕ ਕਿ ਇਹ ਲੋਕਾਂ ਦੇ ਹੌਸਲੇ ਵੀ ਢਾਹ ਸਕਦੀ ਹੈ। ਇਸ ਤੋਂ ਬਚਣ ਲਈ ਖਰਚ ਨਾ ਕਰਨ ਉਤੇ ਜ਼ੋਰ ਦੇਣਾ ਚਾਹੀਦਾ ਹੈ। ਸਮਾਜਿਕ ਸੰਗਠਨ ਇਸ ਦਿਸ਼ਾ ਵਲ ਉਪਯੋਗੀ ਕੰਮ ਕਰ ਸਕਦੇ ਹਨ। ਦੇਸ਼ ਵਿਚ ਜਮਾਖੋਰੀ (Hoarding) ਅਤੇ ਮੁਨਾਫਾਖੋਰੀ (Profiteering) ਨੂੰ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ। ਇਸ ਦੇ ਲਈ ਇਹ ਜ਼ਰੂਰੀ ਹੈ ਕਿ :

(i) ਜਖੀਰਾਬਾਜ਼ੀ ਦੇ ਵਿਰੁੱਧ ਲੋਕ ਰਾਏ ਦਾ ਨਿਰਮਾਣ ਕੀਤਾ ਜਾਵੇ।

(ii) ਬਹੁ-ਗਿਣਤੀ ਵਿਚ ਉਪਭੋਗ ਹੋਣ ਵਾਲੇ ਪਦਾਰਥਾਂ ਦੀਆਂ ਉਚਿਤ ਕੀਮਤਾਂ ਨੂੰ ਪ੍ਰਕਾਸ਼ਿਤ ਕੀਤਾ ਜਾਵੇ ਤਾਂ ਕਿ ਦੇਸ਼ ਦੇ ਸਾਰੇ ਲੋਕ ਇਹਨਾਂ ਤੋਂ ਜਾਣੂ ਹੋ ਜਾਣ।

(iii) ਅਨੁਚਿਤ ਕੀਮਤਾਂ ਦੀ ਖੋਜ ਕਰਨੀ ਤੇ ਉਨ੍ਹਾਂ ਨੂੰ ਘੱਟ ਕਰਨਾ।

(iv) ਉਪਯੋਗੀ ਸਟੋਰਾਂ ਅਤੇ ਉਚਿਤ ਮੁੱਲਾਂ ਦੀਆਂ ਦੁਕਾਨਾਂ ਦਾ ਪ੍ਰਬੰਧ ਕਰਨਾ।

(v) ਦੇਸ਼ ਦੇ ਵਪਾਰਕ ਸਮਾਜ ਨੂੰ ਉਚਿਤ ਵੰਡ ਅਤੇ ਉਚਿਤ ਕੀਮਤਾਂ ਸਥਾਪਿਤ ਕਰਨ ਦੀ ਸਮਾਜਿਕ ਜ਼ਿੰਮੇਵਾਰ ਸੌਂਪਣੀ।

ਜੰਗ ਦੇ ਸਮੇਂ ਦੌਰਾਨ ਹੀ ਇਕ ਹੋਰ ਸਮੱਸਿਆ ਇਹ ਹੈ ਕਿ ਲੋਕਾਂ ਦੇ ਹੌਸਲੇ ਦੀ ਭਾਵਨਾ ਨੂੰ ਕਿਵੇਂ ਕਾਇਮ ਰੱਖਿਆ ਜਾਵੇ ਅਤੇ ਇਸ ਨੂੰ ਚੜ੍ਹਦੀਕਲਾ ਵਿਚ ਰੱਖਣ ਲਈ ਕਿਵੇਂ ਤਕੜਾ ਕੀਤਾ ਜਾਵੇ ਤਾਂ ਕਿ ਇਹ ਕਦੀ ਕਦਾਈ ਵਾਪਰਨ ਵਾਲੀਆਂ ਮੁਸੀਬਤਾਂ ਦਾ ਟਾਕਰਾ ਕਰ ਸਕੇ। ਇਹ ਰਾਜਨੀਤਿਕ ਚੇਤੰਨਤਾ ਦਾ ਮਾਮਲਾ ਹੈ ਅਤੇ ਇਸ ਮੰਤਵ ਲਈ ਜ਼ਰੂਰੀ ਹੈ ਕਿ :

(ੳ) ਲੋਕਾਂ ਉਤੇ ਸਰਕਾਰ ਵਿਚਕਾਰ ਸਹੀ ਸੂਚਨਾ ਅਤੇ ਖਬਰਾਂ ਦਾ ਪ੍ਰਚਾਰ ਕਰਨ ਲਈ ਤੇਜ਼ ਚਲਣ ਵਾਲੇ ਸੰਚਾਰ ਦੇ ਸਾਧਨਾਂ ਦਾ ਨਿਰਮਾਣ ਕੀਤਾ ਜਾਵੇ।

(ਖ) ਦੇਸ਼ ਵਿਚ ਅਫਵਾਹਾਂ ਨੂੰ ਫੈਲਣ ਤੋਂ ਰੋਕਿਆ ਜਾਵੇ ਅਤੇ ਇਹਨਾਂ ਦਾ ਖੰਡਨ ਕੀਤਾ ਜਾਵੇ।

(ਗ) ਲੋਕਾਂ ਦੇ ਮਨ ਵਿਚ ਸਵੈਭਿਮਾਨ ਜਾਂ ਫਖਰ ਦੀ ਭਾਵਨਾ ਨੂੰ ਪੈਦਾ ਕੀਤਾ ਜਾਵੇ।

(ਘ) ਉਨ੍ਹਾਂ ਲੋਕਾਂ ਦੀਆਂ ਕਾਰਵਾਈਆਂ ਉੱਤੇ ਨਜ਼ਰ ਰਖੀ ਜਾਵੇ ਜਿਹੜੀ ਕਿ ਰਾਸ਼ਟਰ ਤੇ ਭਾਰ ਦੇ ਕਾਰਣ ਤਿੜਕਣ ਲੱਗ ਪੈਣ।

ਇਹ ਵੀ ਜ਼ਰੂਰੀ ਹੈ ਜੇਕਰ ਦੁਸ਼ਮਣ ਦੇ ਜਾਸੂਸ ਜਾਂ ਉਸ ਦੀਆਂ ਫੌਜਾਂ ਦੇਸ਼ ਦੇ ਅੰਦਰ ਆ ਜਾਣ ਤਾਂ ਲੋਕਾਂ ਨੂੰ ਆਪਣੀ ਰੱਖਿਆ ਕਰਨ ਲਈ ਸੰਗਠਿਤ ਕੀਤਾ ਜਾਵੇ ਅਤੇ ਲੋੜੀਂਦੀ ਸਿਖਲਾਈ ਵੀ ਦਿੱਤੀ ਜਾਵੇ। ਲੋਕ ਅਸੈਨਿਕ ਰੱਖਿਆ ਦੀ ਜ਼ਰੂਰਤ ਨੂੰ ਪੂਰੀ ਤਰ੍ਹਾਂ ਜਾਣਦੇ ਹੋਣ ਅਤੇ ਲੋਕਾਂ ਦੇ ਇਸ ਗਿਆਨ

ਨੂੰ ਵਧਾਇਆ ਜਾਵੇ। ਇਸ ਲਈ ਇਹ ਜ਼ਰੂਰੀ ਹੈ ਕਿ :

1. ਨਾਗਰਿਕ ਸੁਰੱਖਿਆ (Civil Defence) ਲਈ ਲੋਕਾਂ ਨੂੰ ਸੰਗਠਿਤ ਕੀਤਾ ਜਾਵੇ ਅਤੇ ਸਿਖਲਾਈ ਦਿੱਤੀ ਜਾਵੇ।
2. ਲੋਕਾਂ ਨੂੰ ਸਰੀਰਕ ਸਿੱਖਿਆ ਦਿੱਤੀ ਜਾਵੇ।
3. ਇੱਛਕ ਆਧਾਰ ਤੇ ਲੋਕਾਂ ਨੂੰ ਸੈਨਿਕ ਸਿਖਲਾਈ ਦੇਣ ਦਾ ਪ੍ਰਬੰਧ ਕੀਤਾ ਜਾਵੇ।
4. ਨਰਸਾਂ ਦੇ ਕੰਮ ਦੀ ਸਿਖਲਾਈ ਨੂੰ ਵਧਾਇਆ ਜਾਵੇ।
5. ਰੱਖਿਆ ਦੀਆਂ ਤਜ਼ਵੀਜ਼ਾਂ ਦੇ ਨਿਰਮਾਣ ਵਿਚ ਵੱਧ ਤੋਂ ਵੱਧ ਮਦਦ ਕੀਤੀ ਜਾਵੇ।
6. ਜੰਗੀ ਸੇਵਾਵਾਂ ਦੀ ਭਰਤੀ ਵਿਚ ਮਦਦ ਕੀਤੀ ਜਾਵੇ ਅਤੇ ਉਤਸਾਹਿਤ ਕੀਤਾ ਜਾਵੇ।
7. ਲੋਕਾਂ ਨੂੰ ਜੰਗ ਉਤਪਾਦਨ ਕਰਨ ਲਈ ਸਿਖਲਾਈ ਕੀਤੀ ਜਾਵੇ।

ਇਕ ਸਫਲ ਅਗਵਾਈ (leadership) ਵਿਚ, ਨਿਡਰ ਸੂਝ ਯੋਜਨਾ ਬਣਾਉਣ ਅਤੇ ਪ੍ਰਬੰਧ ਕਰਨ ਦੀ ਯੋਗਤਾ, ਖੁਲ੍ਹੀ ਵਿਚਾਰਧਾਰਾ, ਉੱਘੇ ਮੱਤ ਲਈ ਸੁਚੇਤਨਾ, ਵਿਅਕਤੀਗਤ ਠੋਸ ਵਿਚਾਰਾਂ ਨੂੰ ਪਹਿਨਣ ਦੀ ਸ਼ਕਤੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਅਨੁਸਾਰ ਪ੍ਰਯੋਗ ਕਰਨਾ, ਲੋਕਾਂ ਦੀਆਂ ਪ੍ਰਤੀਨਿਧ ਅਤੇ ਆਪਣੀ ਸਮੂਹ ਵਿਚੋਂ ਬਹੁ ਹਿਤਾਂ ਲਈ ਬਾਹਰ ਜਾਣ ਦੀ ਹਿੰਮਤ ਆਦਿ ਸਭ ਤੱਤ ਸ਼ਾਮਿਲ ਹੁੰਦੇ ਹਨ। ਸਰਕਾਰ ਅਤੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਰਾਸ਼ਟਰੀ ਏਕਤਾ ਤੇ ਆਉਣ ਵਾਲੀ ਹਰ ਧਮਕੀ ਦਾ ਸਾਹਮਣਾ ਕਰਨ ਲਈ ਇਕਮੁੱਠ ਹੋ ਜਾਣ।

## ਹੋਰ ਪੜ੍ਹਾਈ ਲਈ ਪੁਸਤਕਾਂ


1. A. N. Aggarwal : Economic Mobilization for National Defence
2. Falk : National Security Management.

# ਯੁੱਧ ਸਮੇਂ ਯੋਜਨਾਬੰਦੀ ਅਤੇ ਉਤਪਾਦਨ
# (Planning and Production in War)

ਯੁੱਧ ਵਿਚ ਜਿੱਤ ਜਾਂ ਹਾਰ ਫੌਜੀ ਯੋਜਨਾ ਅਤੇ ਉਤਪਾਦਨ ਉਪਰ ਨਿਰਭਰ ਕਰਦੀ ਹੈ। ਉਹ ਕੌਮ ਜਿਹੜੀ ਫੌਜੀ ਯੋਜਨਾਬੰਦੀ ਅਤੇ ਉਤਪਾਦਨ ਵਿਚ ਕਾਮਯਾਬ ਨਹੀਂ, ਉਸ ਨੂੰ ਕਦੇ ਵੀ ਯੁੱਧ ਸ਼ੁਰੂ ਕਰਨ ਲਈ ਨਹੀਂ ਸੋਚਣਾ ਚਾਹੀਦਾ। ਅਮਨ ਸਮੇਂ ਯੋਜਨਾ ਅਤੇ ਉਤਪਾਦਨ ਦਾ ਮਤਲਬ ਯੁੱਧ ਸਮੇਂ ਨਾਲੋਂ ਕਾਫੀ ਵੱਖਰਾ ਹੁੰਦਾ ਹੈ। ਯੁੱਧ ਸਮੇਂ ਯੋਜਨਾ ਦੀ ਮੁੱਖ ਲੋੜ ਫੌਜੀ ਜ਼ਰੂਰਤਾਂ ਪੂਰੀਆਂ ਕਰਨ ਲਈ ਹੁੰਦੀ ਹੈ। ਉਤਪਾਦਨ ਸਮੇਂ ਉਨ੍ਹਾਂ ਵਸਤੂਆਂ ਨੂੰ ਪਹਿਲ ਦਿੱਤੀ ਜਾਂਦੀ ਹੈ ਜਿਨ੍ਹਾਂ ਦੀ ਫੌਜ ਲਈ ਜ਼ਰੂਰਤ ਹੈ।

ਯੋਜਨਾ ਅਤੇ ਉਤਪਾਦਨ ਦਾ ਭਾਵ ਯੁੱਧ ਲਈ ਕੋਈ ਨਵਾਂ ਨਹੀਂ ਹੈ। ਇਹ ਵਿਚਾਰ ਉਸ ਸਮੇਂ ਤੋਂ ਹੈ ਜਦੋਂ ਯੁੱਧ ਹੋਂਦ ਵਿਚ ਆਏ ਅਤੇ ਜੰਗ ਲੜਨ ਲਈ ਕਿਸੇ ਨਾ ਕਿਸੇ ਢੰਗ ਨਾਲ ਫੌਜੀ ਯੋਜਨਾ ਬਣਾਈ ਜਾਂਦੀ ਸੀ ਅਤੇ ਫੌਜੀ ਸਾਜ਼-ਸਮਾਨ ਬਣਾਉਣ ਲਈ ਉਤਪਾਦਨ ਤੇਜ਼ ਕੀਤਾ ਜਾਂਦਾ ਸੀ। ਯੁੱਧ ਸ਼ੁਰੂ ਕਰਨਾ ਇਕ ਮੁਹਿੰਮ ਹੈ ਅਤੇ ਇਸ ਲਈ ਭਾਰੀ ਮਾਤਰਾ ਵਿਚ ਕੌਮੀ ਸਾਧਨ ਵਰਤੇ ਜਾਂਦੇ ਹਨ। ਇਹ ਸੱਚ ਹੈ ਕਿ ਯੁੱਧ ਵਿਚ ਆਦਮੀ ਅਤੇ ਸਾਧਨ ਕਦੇ ਵੀ ਪੂਰੇ ਨਹੀ ਹੁੰਦੇ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਯੁੱਧ ਸ਼ੁਰੂ ਕਰਨ ਤੋਂ ਪਹਿਲਾਂ ਉਚਿਤ ਯੋਜਨਾ ਬਣਾਈ ਜਾਵੇ ਅਤੇ ਕਾਫੀ ਮਾਤਰਾ ਵਿਚ ਜੰਗੀ ਸਾਜੋ ਸਮਾਨ ਇਕੱਠਾ ਕੀਤਾ ਜਾਵੇ।

ਅਸੀਂ ਆਪਣੇ ਦੇਸ਼ ਦੀ ਰਾਖੀ ਫਿਰ ਹੀ ਕਰ ਸਕਦੇ ਹਾਂ ਜੇਕਰ ਸਾਡੇ ਵਿਚ ਹਮਲਾ ਕਰਨ ਦੀ ਤਾਕਤ ਹੋਵੇ, ਜਿਹੜਾ ਕਿ ਇਕ ਮਹਿੰਗਾ ਅਤੇ ਘਾਟੇ ਵਾਲਾ ਔਖਾ ਕੰਮ ਹੈ। ਸਾਡੀ ਆਰਥਿਕ ਸਥਿਤੀ ਅਤੇ ਫੌਜ ਜਿੰਨਾ ਜ਼ਿਆਦਾ ਮਜ਼ਬੂਤ ਹੋਵੇਗੀ ਸਰਹੱਦਾਂ ਉਪਰ ਉਨਾਂ ਹੀ ਘੱਟ ਖਤਰਾ ਹੋਵੇਗਾ। ਸੱਚ ਤਾਂ ਇਹ ਹੈ ਕਿ ਸਾਡੇ ਉੱਤਰੀ ਗਵਾਂਢੀ ਦੇਸ਼ਾਂ ਤੋਂ ਸਾਡਾ ਵਿਸ਼ਵਾਸ ਬੁਰੀ ਤਰ੍ਹਾਂ ਉੱਠ ਗਿਆ ਹੈ। ਇਹ ਦੁਬਾਰਾ ਛੇਤੀ ਕਾਇਮ ਨਹੀਂ ਕੀਤਾ ਜਾ ਸਕਦਾ। ਇਸ ਲਈ ਭਾਰਤ ਨੂੰ ਹਰ ਸਮੇਂ ਚੌਕੰਨਾ ਰਹਿਣਾ ਚਾਹੀਦਾ ਹੈ। ਸਾਡੀ ਯੋਜਨਾ ਅਤੇ ਉਤਪਾਦਨ ਨੂੰ ਰੱਖਿਆ ਨਾਲ ਸੰਬੰਧਿਤ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਕੌਮੀ ਆਰਥਿਕ ਯੋਜਨਾ ਦਾ ਵੀ ਇਕ ਅਟੁੱਟ ਹਿੱਸਾ ਹੋਣਾ ਚਾਹੀਦਾ ਹੈ।

ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਭਾਰਤ ਨੇ ਕੌਮਾਂਤਰੀ ਪੱਧਰ ਉਪਰ ਆਪਣੇ ਹਿੱਤਾਂ ਦੀ ਰਾਖੀ ਲਈ ਛੇ ਵਾਰ ਤਾਕਤ ਦੀ ਵਰਤੋਂ ਕੀਤੀ। ਭਾਰਤੀ ਫੌਜਾਂ ਨੇ ਜਿਹੜਾ ਫਰਜ਼ ਦੇਸ਼ ਦੀ ਅੰਦਰੂਨੀ ਸੁਰੱਖਿਆ ਅਤੇ ਏਕਤਾ ਲਈ ਨਿਭਾਇਆ ਹੈ, ਉਹ ਬਹੁਤ ਸ਼ਲਾਘਾ ਯੋਗ ਹੈ। ਭਾਰਤੀ ਫੌਜਾਂ ਨੇ ਸੰਯੁਕਤ ਰਾਸ਼ਟਰ ਸੰਘ (ਯੂ. ਐਨ. ਓ.) ਅਧੀਨ ਵੀ ਦੁਨੀਆਂ ਦੇ ਕਈ ਦੇਸ਼ਾਂ ਵਿਚ ਸ਼ਾਂਤੀ ਸਥਾਪਤ ਕਰਨ ਲਈ ਹਿੱਸਾ ਪਾਇਆ ਹੈ। ਚੀਨ ਤੋਂ ਬਾਅਦ ਆਬਾਦੀ ਵਿਚ ਭਾਰਤ ਦੁਨੀਆਂ ਵਿਚ ਸਭ ਤੋਂ ਅੱਗੇ ਹੈ ਪੰਰਤੂ ਫੌਜਾਂ ਦੇ ਮਾਮਲੇ ਵਿਚ ਦੁਨੀਆਂ ਭਰ ਦਾ ਤੀਜਾ ਸਭ ਤੋਂ ਵੱਡਾ ਦੇਸ਼ ਹੈ।

ਭਾਰਤੀ ਫੌਜਾਂ ਦੇ ਰੱਖਿਆ ਦੇ ਸੰਬੰਧ ਵਿਚ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਨੂੰ ਆਪਣੇ ਸੀਮਿਤ ਵਸੀਲਿਆਂ ਨਾਲ ਜ਼ਮੀਨੀ ਅਤੇ ਸਮੁੰਦਰੀ ਸਰਹੱਦਾਂ ਦੀ ਰਾਖੀ ਕਰਨੀ ਪੈਂਦੀ ਹੈ। ਪਿਛਲੇ ਸਮੇਂ ਵਿਚ ਅਸੀਂ ਨੀਤੀ (Defence Policy) ਅਤੇ ਰੱਖਿਆ ਪ੍ਰਬੰਧ (Defence Management) ਵਿਚ ਅੰਤਰ ਨਹੀਂ ਪਾ ਸਕੇ। ਸਾਡੇ ਰਾਜਨੀਤਿਕ ਨੇਤਾ, ਸਿਵਲ ਅਤੇ ਫੌਜੀ ਅਫਸਰਾਂ ਨੂੰ ਯੁੱਧ ਦੀ ਯੋਜਨਾ, ਵਸੀਲਿਆਂ ਅਤੇ ਉਤਪਾਦਨ ਬਾਰੇ ਗਿਆਨ ਅਤੇ ਸਮਝ ਬਹੁਤ ਘੱਟ ਸੀ। ਇਸ ਘਾਟੇ ਦੇ ਕਾਰਣ 1962 ਵਿਚ ਜਦੋਂ ਚੀਨ ਨੇ ਸਾਡੇ ਉਪਰ ਹਮਲਾ ਕੀਤਾ ਤਾਂ ਅਸੀਂ ਮੁਸੀਬਤ ਵਿਚ ਪਏ। ਸਾਡਾ ਵਿਸ਼ਵਾਸ ਹੈ ਕਿ ਭਾਰਤ ਇਕ ਸ਼ਕਤੀਸ਼ਾਲੀ ਦੇਸ਼ ਹੈ ਪਰ ਚੀਨ ਦੇ ਹਮਲੇ ਤੋਂ ਬਾਅਦ ਵਿਸ਼ਵਾਸ ਟੁੱਟ ਗਿਆ। ਪਰ 1971 ਦੀ

ਜਿੱਤ ਨੇ ਸਾਡੇ ਨੀਤੀ ਬਣਾਉਣ ਵਾਲਿਆਂ ਅਤੇ ਫੌਜੀ ਯੋਜਨਾ ਬਣਾਉਣ ਵਾਲਿਆਂ ਦੇ ਸਵੈ-ਭਰੋਸੇ ਅਤੇ ਸਵੈ-ਪੂਰਤੀ ਉਪਰ ਬਹੁਤ ਲਾਭਦਾਇਕ ਅਸਰ ਪਾਇਆ। ਨੇਫਾ (NEFA) ਦੀ ਹਾਰ ਪਿਛੋਂ ਆਪਣੀਆਂ ਮੁਸ਼ਕਲਾਂ ਅਤੇ ਲੋੜਾਂ ਉਪਰ ਵਿਚਾਰ ਕੀਤਾ। ਉਨ੍ਹਾਂ ਅਨੁਸਾਰ ਕੰਮ ਕਰਨਾ ਸ਼ੁਰੂ ਕੀਤਾ ਅਤੇ ਇਸ ਤਰ੍ਹਾਂ ਜਵਾਨਾਂ ਦਾ ਹੌਸਲਾ ਵਧਿਆ। ਬਹੁਤ ਹੱਦ ਤਕ ਜਨਤਾ ਦਾ ਭਰੋਸਾ ਸਰਕਾਰ ਅਤੇ ਫੌਜ ਵਿੱਚ ਵੱਧ ਗਿਆ।

ਕੌਮੀ ਸੁਰੱਖਿਆ ਦੀ ਜ਼ਿੰਮੇਵਾਰੀ ਹਰ ਇਕ ਭਾਰਤ ਵਾਸੀ ਉਪਰ ਹੈ। ਇਸ ਉਪਰ ਪਾਰਟੀ ਰਾਜਨੀਤੀ ਦਾ ਪ੍ਰਭਾਵ ਨਹੀਂ ਹੋਣਾ ਚਾਹੀਦਾ। ਕੌਮੀ ਸੁਰੱਖਿਆ ਸਾਡੇ ਦੇਸ਼ ਵਾਸੀਆਂ ਨਾਲ ਸੰਬੰਧਿਤ ਹੈ। ਸੋ ਰੱਖਿਅਕ ਮੁਸ਼ਕਲਾਂ ਇਸ ਤਰ੍ਹਾਂ ਹੱਲ ਹੋਣੀਆਂ ਚਾਹੀਦੀਆਂ ਹਨ ਕਿ ਹਰ ਦੇਸ਼ ਵਾਸੀ ਇਹ ਸਮਝੇ ਕਿ ਦੇਸ਼ ਉਸ ਦਾ ਹੈ ਅਤੇ ਇਸ ਦੀ ਹਰ ਕੀਮਤ ਉਪਰ ਰੱਖਿਆ ਕਰਨਾ ਉਸ ਦਾ ਸਭ ਤੋਂ ਪਹਿਲਾਂ ਕੰਮ ਹੈ। ਇਹ ਹਰ ਦੇਸ਼ਵਾਸੀ ਦਾ ਫਰਜ਼ ਹੈ ਕਿ ਉਹ ਸੰਭਵ ਸਾਧਨ ਇਕੱਠੇ ਕਰੇ ਤਾਂ ਜੋ ਕਿਸੇ ਵੀ ਅਚਾਨਕ ਮੁਸੀਬਤ ਸਮੇਂ ਕੰਮ ਆ ਸਕਣ।ਫੌਜੀ ਯੋਜਨਾ ਬਣਾਉਣ ਵਾਲਿਆਂ ਦਾ ਇਹ ਫਰਜ਼ ਹੈ ਕਿ ਉਹ ਸੀਮਿਤ ਸਾਧਨਾਂ ਨੂੰ ਵੱਧ ਤੋਂ ਵੱਧ ਫਾਇਦੇ ਲਈ ਵਰਤਣ। ਫੌਜ ਤਦ ਹੀ ਚੋਕਸ ਰਹਿ ਸਕੇਗੀ ਜੇਕਰ ਉਸ ਨੂੰ ਸਭ ਤੋਂ ਵੱਧ ਨਵੇਂ ਹਥਿਆਰ ਤੇ ਸਮਾਨ ਦਿੱਤਾ ਜਾਵੇਗਾ। ਇਸ ਤਰ੍ਹਾਂ ਉਹ ਕਿਸੇ ਦਿਸ਼ਾ ਵੱਲੋਂ ਕਿਸੇ ਵੀ ਹਮਲੇ ਨੂੰ ਪਛਾੜ ਸਕਦੀ ਹੈ। ਇਹ ਨਿਸ਼ਾਨਾ ਪੂਰਾ ਕਰਨ ਲਈ ਸਾਨੂੰ ਪੂਰੀਆਂ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ। ਸਾਨੂੰ ਆਪਣੇ ਸਾਧਨ ਅਤੇ ਉਤਪਾਦਨ ਵਧਾਉਣ ਲਈ ਪਲਾਨ ਬਣਾਉਣ ਚਾਹੀਦੇ ਹਨ ਤਾਂ ਜੋ ਕਿਸੇ ਵੀ ਯੁੱਧ ਲਈ ਭਾਰਤ ਨੂੰ ਮਜ਼ਬੂਤ ਬਣਾਇਆ ਜਾਵੇ ਅਤੇ ਜੋ ਕਿਸੇ ਵੀ ਯੋਜਨਾ ਅਤੇ ਉਤਪਾਦਨ ਰੱਖਿਆ ਦਾ ਮੁੱਢ ਹਨ। ਆਓ ਅਸੀਂ ਇਨ੍ਹਾਂ ਨੂੰ ਅਲੱਗ ਅਲੱਗ ਕਰਕੇ ਵਿਚਾਰੀਏ।

## ਯੋਜਨਾ ਬੰਦੀ ਕੀ ਹੈ? (What is Planning?)

ਯੋਜਨਾ ਬੰਦੀ ਉਹ ਪ੍ਰੋਗਰਾਮ ਹੈ ਜਿਹੜਾ ਤਿੰਨ ਮੁੱਖ ਨਿਸ਼ਾਨੇ ਪ੍ਰਾਪਤ ਕਰਨ ਲਈ ਬਣਾਇਆ ਜਾਂਦਾ ਹੈ।

(ੳ) ਇਹ ਸਾਨੂੰ ਨਵੇਂ ਢੰਗ ਲੱਭਣ ਵਿਚ ਸਹਾਇਤਾ ਕਰਦੀ ਹੈ ਜਿਸ ਨਾਲ ਕੰਮ ਹੋਰ ਤੇਜ਼ ਹੋ ਸਕੇ।

(ਅ) ਹੋਰ ਚੰਗਾ ਕੰਮ ਕਰਨ ਲਈ ਅਤੇ

(ੲ) ਘੱਟ ਕੀਮਤ ਵਿਚ ਕੰਮ ਕਰਨ ਲਈ।

ਯੋਜਨਾ ਠੀਕ ਸੂਚਨਾਵਾਂ ਰਾਹੀਂ ਹੋਰ ਜ਼ਿਆਦਾ ਪੱਕੇ ਨਿਰਣੇ ਦੇਵੇਗੀ। ਇਹ ਇਨ੍ਹਾਂ ਚੀਜ਼ਾਂ ਵੱਲ ਇਸ਼ਾਰਾ ਦੇਵੇਗੀ, ਜਿਨ੍ਹਾਂ ਦੀ ਸਾਨੂੰ ਹੋਰ ਵਧਾਉਣ ਦੀ ਲੋੜ ਹੈ। ਇਹ ਉਨ੍ਹਾਂ ਚੀਜ਼ਾਂ ਉਪਰ ਵੀ ਰੋਸ਼ਨੀ ਪਾਵੇਗੀ ਜਿਹੜੀਆਂ ਲਈ ਸਾਨੂੰ ਘੱਟ ਕੰਮ ਕਰਨਾ ਚਾਹੀਦਾ ਹੈ। ਸਹੀ ਯੋਜਨਾਬੰਦੀ ਦੁਆਰਾ ਸਾਡਾ ਫੈਸਲਾ ਕਰਨ ਦਾ ਢੰਗ ਬਿਲਕੁੱਲ ਅਜੋਕਾ ਹੋ ਜਾਵੇਗਾ ਜਿਵੇਂ ਕਿ ਸਾਡਾ ਪੁਲਾੜ ਪ੍ਰੋਗਰਾਮ ਯੋਜਨਾ ਰਾਹੀਂ ਅਸੀਂ ਆਪਣੇ ਨਿਸ਼ਾਨੇ ਪਹਿਲਾਂ ਹੀ ਕੀਤੇ ਫੈਸਲੇ ਅਨੁਸਾਰ ਮਿੱਥੇ ਗਏ ਸਮੇਂ ਵਿਚ ਪ੍ਰਾਪਤ ਕਰ ਸਕਦੇ ਹਾਂ। ਇਸ ਨੂੰ ਪੂਰਾ ਕਰਨ ਲਈ ਅਸੀਂ ਸਾਧਨਾ ਦਾ ਅਨੁਮਾਨ ਲਾਉਂਦੇ ਹਾਂ।

## ਯੋਜਨਾ ਦੋ ਭਾਗਾਂ ਵਿਚ ਕੀਤੀ ਜਾਂਦੀ ਹੈ :

(ੳ) ਪ੍ਰੋਗਰਾਮ ਬਣਾਉਣਾ (Programming) ਅਤੇ

(ਅ) ਬੱਜਟ ਬਣਾਉਣਾ (Budgeting)

**(ੳ) ਪ੍ਰੋਗਰਾਮ ਬਣਾਉਣਾ** (Programming) : ਇਹ ਯੋਜਨਾ ਦਾ ਇਕ ਜ਼ਰੂਰੀ ਭਾਗ ਹੈ। ਇਸ ਦਾ ਭਾਵ ਹੈ ਉਨ੍ਹਾਂ ਸਭ ਕੰਮਾਂ ਨੂੰ ਇਕੱਠਾ ਕਰਨਾ ਜਿਹੜਾ ਮੁੱਖ ਲੋੜਾਂ ਪੂਰਦੇ ਹੋਣ। ਇਸ ਮੰਤਵ ਲਈ ਰੱਖਿਆ ਯੋਜਨਾ ਨੂੰ ਯੋਜਨਾ ਦੇ ਵੱਖ ਵੱਖ ਭਾਗਾਂ ਵਿਚ ਵੰਡ ਦੇਣਾ ਚਾਹੀਦਾ ਹੈ। ਜਿੰਨੀ ਦੇਰ ਇਸ ਤਰ੍ਹਾਂ ਨਹੀਂ ਹੁੰਦਾ ਉਨ੍ਹੀ ਦੇਰ ਤੱਕ ਇਸ ਦੀ ਬਰੀਕ ਤਹਿ ਤਕ ਪਹੁੰਚਣਾ ਸੰਭਵ ਨਹੀਂ ਅਤੇ ਨਾ ਹੀ ਠੀਕ

ਅਨੁਮਾਨ ਲਾਏ ਜਾ ਸਕਦੇ ਹਨ। ਹਰ ਵਿਭਾਗ ਨੂੰ ਕੰਮ ਦਾ ਖਰਚਾ ਦਿੱਤਾ ਜਾਣਾ ਚਾਹੀਦਾ ਹੈ ਜਿਹੜਾ ਉਹ ਕਰੇ ਜਿਸ ਲਈ ਉਹ ਪੂਰੀ ਯੋਜਨਾ ਦਾ ਜ਼ੁੰਮੇਵਾਰ ਹੋਏ।

**(ਅ) ਬੱਜਟ ਬਣਾਉਣਾ** (Budgeting) :

ਬੱਜਟ ਦੇ ਅਰਥ ਹਨ ਧੰਨ ਦਾ ਖਾਸ ਅੰਕੜ ਅਤੇ ਵੰਡ ਕਰਨੀ। ਇਹ ਵਿਧਾਨ ਮੰਡਲ ਦੁਆਰਾ ਕੀਤਾ ਜਾਂਦਾ ਹੈ। ਇਹ ਉਹ ਢੰਗ ਹੈ ਜਿਸ ਰਾਹੀਂ ਵਿਧਾਨ ਮੰਡਲ ਨੂੰ ਆਉਣ ਵਾਲੇ ਮਾਲੀ ਸਾਲ ਦੇ ਖਰਚਿਆਂ ਦਾ ਵੇਰਵਾ ਦੱਸਿਆ ਜਾਂਦਾ ਹੈ। ਇਹ ਕੰਮ ਸਰਕਾਰ ਦੀ ਕਾਰਜਕਾਰੀ ਬਰਾਂਚ ਕਰਦੀ ਹੈ।

ਬੱਜਟ ਸ਼ਾਸਨ ਪ੍ਰਬੰਧ ਲਈ ਤਿੰਨ ਕੰਮ ਕਰਦਾ ਹੈ :

(ੳ) ਇਹ ਵਿਭਾਗ ਦੇ ਨਿਸ਼ਾਨਿਆਂ ਲਈ ਆਰਥਿਕ ਯੋਜਨਾ ਦੱਸਦਾ ਹੈ।

(ਅ) ਆਉਣ ਵਾਲੇ ਖਰਚਿਆਂ ਨੂੰ ਪੂਰਾ ਕਰਨ ਲਈ ਇਕ ਸਾਧਨ ਹੈ ਜਿਸ ਨੂੰ ਵਿਧਾਨ ਮੰਡਲ ਮਨਜ਼ੂਰੀ ਦਿੰਦਾ ਹੈ।

(ੲ) ਬੱਜਟ ਰਾਹੀਂ ਅਸੀਂ ਧੰਨ ਰਾਸ਼ੀ ਉਪਰ ਕਾਬੂ ਰਖਦੇ ਹਾਂ।

**1. ਰੱਖਿਆ ਲਈ ਯੋਜਨਾ ਬੰਦੀ (Planning for Defence)** :

ਦੇਸ਼ ਦੀ ਰੱਖਿਆ ਲਈ ਯੋਜਨਾ ਬਣਾਉਣ ਦਾ ਵਿਚਾਰ, ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਹੋਂਦ ਵਿਚ ਆਇਆ। ਅੰਗਰੇਜ਼ ਸਾਨੂੰ ਵੱਡੇ ਨਾਜ਼ੁਕ ਹਾਲਤਾਂ ਵਿਚ ਛੱਡ ਕੇ ਚਲੇ ਗਏ। ਅੰਗਰੇਜ਼ ਅਫਸਰਾਂ ਅਤੇ ਜਵਾਨਾਂ ਦੇ ਜਾਣ ਤੋਂ ਬਾਅਦ ਅਤੇ ਫੌਜੀ ਵੰਡ ਪਿੱਛੋਂ ਇਕ ਖਲਾਅ ਜਿਹਾ ਪੈਦਾ ਹੋ ਗਿਆ। ਇਸ ਅਵਸਰ ਉਪਰ ਅਸੀਂ ਕਿਸੇ ਵੀ ਹਥਿਆਰਬੰਦ ਲੜਾਈ ਲਈ ਤਿਆਰ ਨਹੀਂ ਸੀ। ਪਾਕਿਸਤਾਨ ਨੇ ਅਚਾਨਕ ਕਸ਼ਮੀਰ ਉਪਰ ਹਮਲਾ ਕਰ ਦਿੱਤਾ। ਸਾਨੂੰ ਪਿੱਛੋਂ ਹਟਣਾ ਪਿਆ, ਪਰ ਛੇਤੀ ਹੀ ਅਸੀਂ ਆਪਣੀ ਸਥਿਤੀ ਨੂੰ ਸਮਝਿਆ ਅਤੇ ਰੱਖਿਆ ਲਈ ਕੰਮ ਕਰਨਾ ਸ਼ੁਰੂ ਕੀਤਾ। ਅਸਲੀ ਜਾਗਰਤੀ ਸਾਨੂੰ ਉਸ ਸਮੇਂ ਆਈ ਜਦੋਂ ਚੀਨ ਨੇ ਬਿਨਾਂ ਕਿਸੇ ਉਕਸਾਹਟ ਦੇ ਸਾਡੇ ਉਪਰ ਹਮਲਾ ਕਰ ਦਿੱਤਾ। ਸਾਨੂੰ ਨੇਫ਼ਾ (NEFA) ਵਿਚ ਨੁਕਸਾਨ ਸਹਿਣਾ ਪਿਆ। ਪਰ ਛੇਤੀ ਹੀ ਸਾਡੇ ਫੌਜੀ ਯੋਜਨਾ ਬਣਾਉਣ ਵਾਲਿਆਂ ਨੇ ਇਹ ਮਹਿਸੂਸ ਕਰ ਲਿਆ ਕਿ ਜਿੰਨਾ ਚਿਰ ਅਸੀਂ ਆਪਣੀ ਰੱਖਿਆ ਦਾ ਖੁਦ ਪ੍ਰਬੰਧ ਨਹੀਂ ਕਰਦੇ ਕੋਈ ਸਾਡੀ ਮਦਦ ਲਈ ਨਹੀਂ ਆਵੇਗਾ। ਸਿੱਟੇ ਵਜੋਂ ਇਹਨਾਂ ਹਮਲਿਆਂ ਨੇ ਵੀ ਰੱਖਿਆ ਦੀ ਜ਼ਰੂਰਤ ਨੂੰ ਮਹਿਸੂਸ ਕਰਾਇਆ ਸੀ। ਪਹਿਲੀ ਰੱਖਿਆ ਯੋਜਨਾ 1964 ਵਿਚ ਤਿਆਰ ਕੀਤੀ ਗਈ ਸੀ। ਇਸ ਯੋਜਨਾ ਵਿਚ ਬਹੁਤ ਸਾਰੀਆਂ ਵਿਉਂਤਾ ਆਉਂਦੀਆਂ ਸਨ ਜੋ ਕਿ ਪਹਿਲਾਂ ਹੀ ਮਨਜ਼ੂਰ ਕੀਤੀਆਂ ਗਈਆਂ ਸਨ। ਇਸ ਯੋਜਨਾ ਦਾ ਆਧਾਰ ਚੀਨ ਦੀਆਂ ਫੌਜਾਂ, ਤਿੱਬਤ ਵਿਚ ਸਥਿਤੀ ਅਤੇ ਪਾਕਿਸਤਾਨ ਦੀਆਂ ਫੌਜਾਂ ਦੀ ਸਾਡੀ ਪੱਛਮੀ ਸਰਹੱਦ ਉਪਰ ਸਥਿਤੀ ਦੇ ਅਨੁਮਾਨਾਂ ਤੇ ਆਧਾਰਿਤ ਸੀ। ਇਹ ਯੋਜਨਾ ਦੋ ਵਾਰੀ ਨਵੀਂ ਬਣਾਈ ਗਈ, ਇਕ ਵਾਰੀ 1964 ਵਿਚ ਅਤੇ ਦੁਬਾਰਾ 1966 ਵਿਚ। ਇਹ ਫੈਸਲਾ ਵੀ ਕੀਤਾ ਗਿਆ ਕਿ ਇਹ ਯੋਜਨਾਵਾਂ ਆਏ ਸਾਲ ਸਮੇਂ ਅਨੁਕੂਲ ਬਣਾਈਆਂ ਜਾਣਗੀਆਂ। ਇਹ ਯੋਜਨਾਬੰਦੀ ਪੰਜ ਸਾਲਾਂ ਯੋਜਨਾਵਾਂ ਵਿਚ ਆਉਂਦੀ ਹੈ।

**1.1. ਪਹਿਲੀ ਪੰਜ ਸਾਲਾਂ ਯੋਜਨਾ** : ਪਹਿਲੀ ਪੰਜ ਸਾਲਾਂ ਯੋਜਨਾ 1964 ਵਿਚ ਬਣਾਈ ਗਈ, ਜਿਹੜੀ 1964–1969 ਤਕ ਦੇ ਸਮੇਂ ਲਈ ਸੀ। ਇਸ ਯੋਜਨਾ ਵਿਚ ਇਕ ਸਾਲ ਦੇ ਬੱਜਟ ਦੀ ਜਗ੍ਹਾ ਪੰਜ ਸਾਲਾ ਬੱਜਟ ਬਣਾਇਆ ਗਿਆ। ਹਰ ਇਕ ਸੇਵਾ (Service) ਨੂੰ ਲੋੜਾਂ ਅਨੁਸਾਰ ਫੰਡ ਰਾਸ਼ੀ ਦਿੱਤੀ ਗਈ ਸੀ, ਜਿਹੜਾ ਪੰਜ ਸਾਲਾਂ ਦੀਆਂ ਲੋੜਾਂ ਲਈ ਕਾਫ਼ੀ ਸੀ। ਇਹ ਲੰਬੇ ਸਮੇਂ ਦੀਆਂ ਲੋੜਾਂ ਉਪਰ ਆਧਾਰਿਤ ਨਹੀਂ ਸੀ। ਇਸ ਨੂੰ ਇਹ ਘਾਟਾ ਸਹਿਣਾ ਪਿਆ ਕਿ ਇਸ ਸਾਰੇ ਸਮੇਂ ਵਿਚ ਕਿਸੇ ਹੋਰ ਸਾਧਨਾਂ ਦੀ ਸਹਾਇਤਾ ਦਾ ਭਰੋਸਾ ਨਹੀਂ ਦਿੱਤਾ ਸੀ। ਇਥੋਂ ਤੱਕ ਕਿ ਪੰਜ ਸਾਲਾਂ ਲਈ ਮਿਥੀਆਂ ਗਈਆਂ ਲੋੜਾਂ ਰੱਖਿਆ ਦੀ ਯੋਜਨਾਬੰਦੀ ਲਈ ਕਾਫ਼ੀ ਨਹੀਂ ਸਨ। ਹਥਿਆਰਾਂ ਅਤੇ ਦੂਸਰੇ ਸਮਾਨ ਦੀ

ਉੱਨਤੀ ਦਾ ਸਮਾਂ 5 ਤੋਂ 7 ਸਾਲ ਹੈ ਜਦੋਂ ਕਿ ਅਗਾਂਹ ਵਧੀ ਤਕਨੀਕ (Advance Technology) ਦੇ ਹਵਾਈ ਜਹਾਜਾਂ ਲਈ ਇਹ ਸਮਾਂ ਵੱਧ ਤੋਂ ਵੱਧ 7 ਤੋਂ 10 ਸਾਲ ਹੈ। ਜਿੰਨਾ ਚਿਰ ਅਸੀਂ ਯੋਗ ਲੰਮੇ ਸਮੇਂ ਲਈ ਪਹਿਲਾਂ ਹੀ ਸੇਵਾ (Service) ਦੀਆਂ ਲੋੜਾਂ ਨਹੀਂ ਲੈਂਦੇ ਉਨੀ ਦੇਰ ਕੋਈ ਮਹੱਤਵਪੂਰਣ ਸਵੈ-ਨਿਰਭਰਤਾ ਹਾਸਲ ਨਹੀਂ ਕੀਤੀ ਜਾ ਸਕਦੀ।

ਇਥੋਂ ਤਕ ਕਿ ਇਹਨਾਂ ਯੋਜਨਾਵਾਂ ਨੂੰ ਬਣਾਉਣ ਲਈ ਤਿੰਨ ਸੇਵਾਵਾਂ ਦੇ ਮੁੱਖ ਦਫਤਰਾਂ ਵਿਚ ਕੋਈ ਖਾਸ ਮਹੱਤਵਪੂਰਣ ਅਮਲਾ (staff) ਨਹੀਂ ਸੀ ਰਖਿਆ ਗਿਆ। ਹਵਾਈ ਸੈਨਾ ਅਤੇ ਸਮੁੰਦਰੀ ਸੈਨਾ ਦੀਆਂ ਨੀਤੀਆਂ ਯੋਜਨਾਬੰਦੀ ਬਰਾਚਾਂ ਹਨ ਪਰ ਥਲ ਸੈਨਾ ਵਿਚ ਹਥਿਆਰਾਂ ਅਤੇ ਸਾਮਾਨ ਦਾ ਮੁੱਖ (Directorate of Weapon Equipment) ਵਿਭਾਗ ਹੀ ਕੰਮ ਕਰਦਾ ਹੈ। ਇਹਨਾਂ ਸੰਸਥਾਵਾਂ ਦਾ ਲੰਮੇ ਸਮੇਂ ਦੀ ਯੋਜਨਾਬੰਦੀ ਨਾਲੋਂ ਘੱਟ ਸਮੇਂ ਦੀ ਯੋਜਨਾਬੰਦੀ ਨਾਲ ਜ਼ਿਆਦਾ ਸੰਬੰਧ ਹੈ। ਅਸਲ ਵਿਚ ਇਥੇ ਇਕ ਸੰਸਥਾ ਹੋਣੀ ਚਾਹੀਦੀ ਹੈ ਜਿਹੜੀ ਇਸ ਉਪਰ ਵਿਚਾਰ ਕਰੇ ਕਿ ਦਿੱਤੇ ਗਏ ਸੀਮਿਤ ਸਾਧਨਾਂ ਨੂੰ ਅਸੀਂ ਜ਼ਿਆਦਾ ਟੈਂਕ ਜਾਂ ਜ਼ਿਆਦਾ ਸਮੁੰਦਰੀ ਜਹਾਜ਼ ਬਣਾਉਣ ਲਈ ਵਰਤੀਏ।

ਰਖਿਆ ਮੰਤਰਾਲੇ ਨੇ ਇਕ ਯੋਜਨਾ ਦਾ ਐਲਾਨ ਕੀਤਾ ਹੈ ਕਿ ਇਸ ਦੀ ਯੋਜਨਾਬੰਦੀ ਨੂੰ ਪ੍ਰੱਫੁਲਤ ਅਤੇ ਜ਼ਿਆਦਾ ਮਜ਼ਬੂਤ ਕੀਤਾ ਜਾਵੇਗਾ। ਇਹ ਇਕ ਬਹੁਤ ਚੰਗਾ ਕਦਮ ਹੈ ਪਰ ਅਜਿਹੀ ਕੋਈ ਯੋਜਨਾ ਦਾ ਐਲਾਨ ਨਹੀਂ ਕੀਤਾ ਗਿਆ ਕਿ ਤਿੰਨੇ ਸੇਵਾਵਾਂ ਦੀਆਂ ਯੋਗਤਾਵਾਂ ਜਾਂ ਚੀਫ ਆਫ਼ ਸਟਾਫ਼ ਕਮੇਟੀ (Chief of the Staff Committee) ਸਕੱਤਰੇਤ ਨੂੰ ਮਜ਼ਬੂਤ ਕੀਤਾ ਜਾਵੇਗਾ। ਇਸ ਯੋਜਨਾ ਵਿਚ ਅਜਿਹੀ ਵੀ ਕੋਈ ਸਹੂਲਤ ਨਹੀਂ ਦਿੱਤੀ ਗਈ ਜਿਸ ਰਾਹੀਂ ਤਿੰਨੇ ਸੇਵਾਵਾਂ ਉੱਨਤ ਹੋ ਰਹੀ ਤਕਨੀਕ, ਯੁੱਧ ਨੀਤੀ ਦੇ ਸਿਧਾਂਤ, ਕੌਮਾਂਤਰੀ ਪ੍ਰਸਥਿਤੀਆਂ ਆਦਿ ਅੰਕੜੇ ਇਕੱਠੇ ਕਰ ਸਕਣ। ਇਹ ਲੰਮੇ ਸਮੇਂ ਦੀ ਯੋਜਨਾਬੰਦੀ ਲਈ ਮੁੱਖ ਆਧਾਰ ਹਨ। ਅਸਲ ਵਿਚ ਤਿੰਨੇ ਸੇਵਾਵਾਂ ਵਿਚ ਚੀਫ਼ ਆਫ਼ ਸਟਾਫ਼ ਕਮੇਟੀ ਦੇ ਸਕੱਤਰੇ ਤ ਵਿਚ ਸੁਰੱਖਿਆ ਸਟਾਫ਼ ਦਾ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਇਹ ਭਰੋਸਾ ਹੋਵੇਗਾ ਕਿ ਵੱਖ ਵੱਖ ਸਕੀਮਾਂ ਤੇ ਪੂਰੀ ਤਰ੍ਹਾਂ ਸਥਾਨਾਂ ਉਪਰ ਪੂਰੀ ਵਿਚਾਰ ਹੋ ਚੁੱਕੀ ਹੈ ਤਾਂ ਜੋ ਇਹਨਾਂ ਨੂੰ ਯੋਜਨਾ ਵਿਚ ਅਮਲੀ ਤੌਰ ਉਪਰ ਸ਼ਾਮਿਲ ਕਰਨ ਲਈ ਮਨਜ਼ੂਰੀ ਦਿੱਤੀ ਜਾ ਸਕੇ।

## 1.2. ਦੂਸਰੀ ਪੰਜ ਸਾਲਾ ਯੋਜਨਾ

1969-74 ਦੀ ਯੋਜਨਾ ਨੇ ਪਹਿਲੀ ਵਾਰ ਯੁੱਧ ਕਲਾ ਅਤੇ ਜੰਗੀ ਚਾਲਾਂ ਦੀਆਂ ਤਬਦੀਲੀਆਂ ਦੇ ਮਹੱਤਵ ਨੂੰ ਸਮਝਿਆ। ਇਸ ਨੇ 10 ਸਾਲ ਦੀਆਂ ਆਉਣ ਵਾਲੀਆਂ ਲੋੜਾਂ ਨੂੰ ਵੀ ਪਹਿਲਾਂ ਮਿਥਿਆ। ਸਰਕਾਰ ਨੇ ਆਰਥਿਕ ਸਹਾਇਕ ਅਤੇ ਵਿਦੇਸ਼ੀ ਸਿੱਕੇ ਦੀ ਸਹਾਇਤਾ ਦੇਣ ਦਾ ਭਰੋਸਾ ਦਿਵਾਇਆ। ਇਸ ਨੂੰ ਵੀ ਯੋਜਨਾ ਵਿੱਚ ਰੱਖਿਆ ਗਿਆ। ਇਸ ਲਈ 1969 ਤੋਂ 1974 ਦੇ ਸ਼ੁਰੂ ਤੋਂ ਹੀ ਰੱਖਿਆ ਯੋਜਨਾ ਸਾਧਨ ਤੇ ਆਧਾਰਿਤ ਸੀ। ਇਹ ਇਕ ਮਹੱਤਵਪੂਰਨ ਚੀਜ਼ ਸੀ। ਇਹ ਫੈਸਲਾ ਵੀ ਕੀਤਾ ਗਿਆ ਕਿ ਜਿਹੜਾ ਬੱਜਟ ਰੱਖਿਆ ਮੰਤਰਾਲੇ ਨੂੰ ਮਿਲਿਆ ਉਸ ਸਾਰੇ ਵਿਚੋਂ ਤਿੰਨ ਸੇਵਾਵਾਂ ਨੂੰ ਲੋੜ ਅਨੁਸਾਰ ਵੰਡਿਆ ਜਾਵੇ ਗਾ। ਇਸ ਤਰ੍ਹਾਂ ਯੋਜਨਾ ਵਿਚ ਸੁਭਾਵਿਕਤਾ ਆ ਜਾਂਦੀ ਹੈ। ਅੰਤ ਇਸ ਤਰ੍ਹਾਂ ਬੱਚਤ ਨੂੰ ਸੇਵਾਵਾਂ ਆਪਣੇ ਨਿੱਜੀ ਲੋੜ ਅਨੁਸਾਰ ਤਰਜੀਹ ਦੇ ਸਕਦੀਆਂ ਹਨ। ਬੱਚਤ ਅਤੇ ਲਾਗਤ ਦੀ ਅਸੀਂ ਡੂੰਘਾਈ ਵਿਚ ਪੜਚੋਲ ਕਰ ਸਕਦੇ ਹਾਂ। ਇਸ ਯੋਜਨਾ ਵਿਚ ਇਕ ਹੋਰ ਮਹੱਤਤਾ ਵਾਲੀ ਗੱਲ ਇਹ ਹੈ ਕਿ ਰੱਖਿਆ ਉਤਪਾਦਨ ਵਿਭਾਗ (Department of Defence Production) ਇਸ ਦੀਆਂ ਸਾਰੀਆਂ ਤਿਆਰ ਕੀਤੀਆਂ ਗਈਆਂ ਯੋਜਨਾਵਾਂ ਨਾਲ ਡੂੰਘਾ ਸੰਬੰਧ ਰੱਖਦਾ ਹੈ। ਇਸ ਢੰਗ ਨਾਲ ਉੱਨਤੀ ਅਤੇ ਉਤਪਾਦਨ, ਯੋਜਨਾ ਦਾ ਇਕ ਅਨਿੱਖੜਵਾਂ ਅੰਗ ਹੈ। ਇਹ ਸੰਬੰਧ ਪੰਜ ਸਾਲਾਂ ਲਈ ਹੀ ਨਹੀਂ ਸਗੋਂ ਦਸ ਸਾਲਾਂ ਦੀਆਂ ਲੋੜਾਂ ਦੀ ਯੋਜਨਾ ਹੈ। ਇਹ ਤਿੰਨੇ ਸੇਵਾਵਾਂ ਲਈ ਨਵੇਂ ਹਥਿਆਰ ਦੇ ਢੰਗਾਂ ਬਾਰੇ ਵੀ ਵਿਚਾਰ ਕਰਦਾ ਹੈ।

ਰੱਖਿਆ ਯੋਜਨਾਬੰਦੀ ਲਗਾਤਾਰ ਚਲਦੀ ਰਹਿਣੀ ਚਾਹੀਦੀ ਹੈ। ਸੋ ਇਸ ਤਰ੍ਹਾਂ ਇਹ ਉਸ ਵਿਉਂਤ ਦਾ

ਹਿੱਸਾ ਹੈ ਜਿਸ ਦੁਆਰਾ ਹਰ ਸਾਲ ਦਾ ਪੂਰਾ ਨਿਰੀਖਣ ਕੀਤਾ ਜਾਵੇ ਅਤੇ ਲੰਘ ਚੁੱਕਾ ਸਾਲ ਛੱਡ ਕੇ ਨਵਾਂ ਸਾਲ ਜੋੜਿਆ ਜਾਵੇ। ਇਸ ਢੰਗ ਨਾਲ ਰੱਖਿਆ ਸੇਵਾਵਾਂ ਪਾਸ ਹਰ ਵਕਤ ਪੂਰੀ ਪੰਜ ਸਾਲਾ ਯੋਜਨਾ ਹੋਵੇਗੀ।

**1.3. ਸੁਧਾਰ ਲਈ ਕੁਝ ਸੁਝਾਅ** : ਸਿੱਧਾ ਨਿਸ਼ਾਨਾ ਨਾ ਬਣਾਇਆ ਜਾਣਾ ਵੀ ਫੈਸਲਾ ਕਰਨ ਦੇ ਢੰਗ ਵਿਚ ਰੁਕਾਵਟ ਹੈ। ਇਸ ਵਿਚ ਲੰਮੇ ਸਮੇਂ ਲਈ ਜ਼ਰੂਰਤਾਂ ਦੇ ਅਨੁਮਾਨ, ਲੰਮੇ ਸਮੇਂ ਦੀ ਯੋਜਨਾਬੰਦੀ, ਪ੍ਰਬੰਧ ਦੀ ਨਵੀਂ ਤਕਨੀਕ ਆਦਿ ਨੂੰ ਵੀ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ ਜੇਕਰ ਅਸੀਂ ਇਨ੍ਹਾਂ ਘਾਟਾਂ ਨੂੰ ਪੂਰੀਆਂ ਨਹੀਂ ਕਰਾਂਗੇ ਤਾਂ ਸਾਨੂੰ ਇਸ ਲਈ ਭਾਰੀ ਮੁੱਲ ਚੁਕਾਉਣਾ ਪਵੇਗਾ। ਸੋ ਇਸ ਲਈ ਇਕ ਤੁਰੰਤ, ਪੱਕਾ ਅਤੇ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ। ਇਹ ਘਾਟਾ ਇਕ ਜਾਂ ਦੋ ਸਾਲਾਂ ਯੋਜਨਾਵਾਂ ਵਿਚ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਇਸ ਲਈ ਸਾਨੂੰ ਵਿਚਾਰ ਵਿਚ ਤਬਦੀਲੀ ਦਿਖਾਉਣੀ ਪਵੇ ਗੀ। ਕੁਝ ਜ਼ਰੂਰੀ ਤਬਦੀਲੀਆਂ ਹੇਠਾਂ ਦਿੱਤੀਆਂ ਗਈਆਂ ਹਨ :

1. ਮੌਜੂਦਾ ਕੈਬਨਿਟ ਦੀ ਰਾਜਨੀਤਿਕ ਸੰਬੰਧਾਂ ਦੀ ਕਮੇਟੀ (Political Affairs Committee) ਦੀ ਜਗ੍ਹਾ ਸੁਰੱਖਿਆ ਲਈ ਕੌਮੀ ਕਮੇਟੀ (National Council for Security) ਚਾਹੀਦੀ ਹੈ।
2. ਪ੍ਰਧਾਨ ਮੰਤਰੀ ਦੇ ਦਫਤਰ ਵਿਚ ਕੌਮੀ ਸੁਰੱਖਿਆ ਦੇ ਸੰਬੰਧਾਂ ਲਈ ਇਕ ਸੁਤੰਤਰ ਸਕੱਤਰੇਤ ਸਥਾਪਤ ਕਰਨਾ ਚਾਹੀਦਾ ਹੈ।
3. ਸੰਯੁਕਤ ਖੁਫੀਆ ਕਮੇਟੀ (Joint Intelligence Committee) ਅਤੇ ਇਸ ਦੇ ਅਮਲੇ ਨੂੰ ਵਧਾਇਆ ਜਾਵੇ।
4. ਰੱਖਿਆ ਮੰਤਰਾਲੇ ਵਿਚ ਨੀਤੀ ਦੀ ਯੋਜਨਾਬੰਦੀ ਲਈ ਇਕ ਅਮਲਾ ਹੋਣਾ ਚਾਹੀਦਾ ਹੈ।
5. ਰੱਖਿਆ ਮੰਤਰਾਲੇ ਅਤੇ ਤਿੰਨੇ ਸੇਵਾਵਾਂ ਦਾ ਯੋਜਨਾ ਬਣਾਉਣ ਵਾਲਾ ਅਮਲਾ ਹੋਰ ਮਜ਼ਬੂਤ ਹੋਣਾ ਚਾਹੀਦਾ ਹੈ।
6. ਚੀਫ ਆਫ ਸਟਾਫ (Chief of Staff Committee) ਦੇ ਅਮਲੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ।
7. ਇਕ ਸੁਤੰਤਰ ਕਮੇਟੀ ਹੋਣੀ ਚਾਹੀਦੀ ਹੈ ਜਿਹੜੀ ਸੇਵਾਵਾਂ ਦਾ ਸੰਗਠਨ ਸੰਬੰਧੀ ਤਬਦੀਲੀਆਂ ਨੂੰ ਧਿਆਨ ਵਿਚ ਰੱਖੇ। ਇਹ ਰੱਖਿਆ ਪ੍ਰਬੰਧ ਦੀਆਂ ਨਵੀਆਂ ਲੋੜਾਂ ਨੂੰ ਵੀ ਪੂਰੀਆਂ ਕਰੇ।

## 2. ਉਤਪਾਦਨ ਕੀ ਹੈ? (What is Production)

ਇਕ ਵਿਗਿਆਨੀ ਅਨੁਸਾਰ ਉਤਪਾਦਨ ਦਾ ਅਰਥ ਹੈ ਉਪਯੋਗਤਾ ਦੀ ਰਚਨਾ ਜਾਂ ਕਦਰਾਂ ਵਿਚ ਵਾਧਾ ਕਰਨਾ। ਮਾਰਸ਼ਲ ਨੇ ਕਿਹਾ ਹੈ ਕਿ ਉਹ ਸਾਰਾ ਕੁਝ, ਮਨੁੱਖ ਇਸ ਪਦਾਰਥਕ ਸੰਸਾਰ ਵਿਚ ਰਹਿ ਕੇ ਸਾਧਨਾਂ ਨੂੰ ਇਸ ਤਰ੍ਹਾਂ ਵਰਤੇ ਕਿ ਉਸ ਤੋਂ ਵੱਧ ਤੋਂ ਵੱਧ ਲਾਭ ਲਵੇ। ਸਾਇੰਸ ਅਤੇ ਤਕਨੀਕ ਦੇ ਖੇ ਤਰ ਵਿਚ ਬਹੁਤ ਤਰੱਕੀ ਹੋਣ ਕਾਰਣ ਤਾਕਤ ਅਤੇ ਨਿਪੁੰਨਤਾ ਦੋਵੇਂ ਸੌਖੀ ਤਰ੍ਹਾਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਨਵੇਂ ਯੁੱਧ ਜ਼ਿਆਦਾ ਦਾਅ ਪੇਚਾਂ ਵਾਲੇ ਹਨ। ਇਸ ਦੇ ਸਿੱਟੇ ਵਜੋਂ ਰੱਖਿਆ ਦਾ ਸਾਜੋ-ਸਮਾਨ ਬਹੁਤ ਗੁੰਝਲਦਾਰ ਅਤੇ ਭੁਚਲਾਓ ਪਾਉਣ ਵਾਲਾ ਹੋ ਗਿਆ ਹੈ। ਇਹਨਾ ਵਿਚ ਸੁਧਾਰ ਅਤੇ ਨਵੀਆਂ ਤਰੱਕੀਆਂ ਬਹੁਤ ਤੇਜ਼ੀ ਨਾਲ ਹੋ ਰਹੀਆਂ ਹਨ। ਇਸ ਸਾਜੋ-ਸਮਾਨ ਤੇ ਬਹੁਤ ਖਰਚਾ ਆਉਂਦਾ ਹੈ। ਜੇਕਰ ਇਹ ਬਾਹਰੋਂ ਮੰਗਵਾਇਆ ਜਾਵੇ ਤਾਂ ਇਸ ਦਾ ਅਰਥ ਸਾਡੇ ਸੀਮਿਤ ਵਿਦੇਸ਼ੀ ਸਿੱਕੇ ਦਾ ਬਹੁਤ ਵੱਡਾ ਖਰਚ ਹੋਵੇਗਾ। ਇਸ ਲਈ ਇਹ ਜ਼ਰੂਰੀ ਹੈ ਕਿ ਜੰਗੀ ਸਾਜੋ-ਸਮਾਨ ਦੇਸ਼ ਦੇ ਅੰਦਰ ਹੀ ਤਿਆਰ ਕੀਤਾ ਜਾਵੇ। ਬਹੁਤ ਸਾਰੇ ਅਜਿਹੇ ਪੱਖ ਹਨ ਜੋ ਸਾਡੇ ਦੇਸ਼ ਦੀ ਸਵੈ-ਨਿਰਭਰਤਾ ਉਪਰ ਅਸਰ ਪਾਉਂਦੇ ਹਨ। ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਵੱਖ ਵੱਖ ਕਰਕੇ ਵਿਚਾਰੀਏ।

**2.1. ਉਹ ਪੱਖ ਜੋ ਉਤਪਾਦਨ ਉਪਰ ਅਸਰ ਪਾਉਂਦੇ ਹਨ** : ਹੇਠਾਂ ਦਿੱਤੇ ਤੱਥ ਹਨ ਜੋ

ਉਤਪਾਦਨ ਨੂੰ ਸੌਖਾ ਅਤੇ ਘੱਟ ਖਰਚੀਲਾ ਬਣਾਉਣ ਵਿਚ ਸਹਾਇਤਾ ਕਰਦੇ ਹਨ :

**I. ਸਾਧਨ (Resources)** : ਆਧੁਨਿਕ ਯੁੱਧ ਬਹੁਤ ਖਰਚੀਲੇ ਹਨ। ਸਾਰੇ ਦੇਸ਼ ਦੇ ਵਸੀਲੇ ਯੁੱਧ ਸਮੇਂ ਵਰਤੋਂ ਵਿਚ ਆਉਂਦੇ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਸਾਰੇ ਵਸੀਲੇ ਇਕੱਠੇ ਕੀਤੇ ਜਾਣ ਅਤੇ ਉਨ੍ਹਾਂ ਨੂੰ ਯੋਜਨਾ ਬੱਧ ਢੰਗ ਨਾਲ ਵਰਤਿਆ ਜਾਵੇ। ਜਦੋਂ ਕਿ ਯੁੱਧ ਕਿਸੇ ਵੀ ਸਮੇਂ ਸ਼ੁਰੂ ਹੋ ਸਕਦਾ ਹੈ, ਇਹ ਜ਼ਰੂਰੀ ਹੋ ਗਿਆ ਹੈ ਕਿ ਹਰ ਅਚਾਨਕ ਘਟਨਾ ਦਾ ਟਾਕਰਾ ਕਰਨ ਲਈ ਹਮੇਸ਼ਾ ਤਿਆਰ ਰਿਹਾ ਜਾਵੇ। ਯੁੱਧ ਸ਼ੁਰੂ ਕਰਨ ਲਈ ਰੱਖਿਆ ਲਈ ਤਿਆਰੀ ਪਹਿਲੀ ਲੋੜ ਹੈ। ਰੱਖਿਆ ਦੀ ਤਿਆਰੀ ਦੀ ਸ਼ਾਇਦ ਕੋਈ ਹੱਦ ਨਹੀਂ ਪ੍ਰੰਤੂ ਅਮੀਰ ਦੇਸ਼ਾਂ ਦੇ ਵੀ ਸਾਧਨ ਸੀਮਿਤ ਹੁੰਦੇ ਹਨ ਜਿਵੇਂ ਕਿ ਧਨ ਦੇ ਵਸੀਲੇ, ਸਾਜੋ-ਸਮਾਨ ਅਤੇ ਨਿਪੁੰਨ ਮਨੁੱਖ ਸ਼ਕਤੀ ਆਦਿ। ਹਰ ਕੌਮ ਨੂੰ ਸੰਬੰਧਿਤ ਖਤਰਿਆਂ ਦੇ ਅਨੁਮਾਨ ਲਾਉਣੇ ਚਾਹੀਦੇ ਹਨ। ਉਨ੍ਹਾਂ ਦੀ ਸੰਭਵ ਤਾਕਤ ਦਾ ਵੀ ਗਿਆਨ ਹੋਣਾ ਚਾਹੀਦਾ ਹੈ। ਇਹਨਾਂ ਹੀ ਅਨੁਮਾਨਾਂ ਦੇ ਆਧਾਰ ਉਪਰ ਰੱਖਿਆ ਦੀ ਤਿਆਰੀ ਲਈ ਯੋਗ ਉੱਦਮ ਕੀਤਾ ਜਾ ਸਕਦਾ ਹੈ। 1962 ਅਤੇ 1965 ਦੇ ਚੀਨ ਅਤੇ ਪਾਕਿਸਤਾਨ ਦੇ ਬਿਨਾਂ ਉਕਸਾਹਟ ਦੇ ਹਮਲੇ ਅਤੇ ਉਨ੍ਹਾਂ ਦੀ ਭਾਰਤ ਵਿਰੁੱਧ ਗੁਟਬੰਦੀ ਭਾਰਤ ਤੇ ਰੱਖਿਅਕ ਮਾਮਲਿਆਂ ਲਈ ਹਰ ਵਕਤ ਚੌਕੰਨੇ ਰਹਿਣ ਦੀ ਲੋੜ ਨੂੰ ਦਰਸਾਉਂਦੀ ਹੈ। ਬੇਸ਼ੱਕ ਭਾਰਤ ਇਕ ਗਰੀਬ ਦੇਸ਼ ਹੈ ਅਤੇ ਇਸ ਦੇ ਸਾਧਨ ਸੀਮਿਤ ਹਨ। ਫਿਰ ਵੀ ਸਾਨੂੰ ਸਾਧਨ ਲੱਭਣ ਦੀ ਲੋੜ ਹੈ। ਜਿਸ ਦੁਆਰਾ ਅਸੀਂ ਆਪਣੀ ਰੱਖਿਆ ਨੂੰ ਹੋਰ ਮਜ਼ਬੂਤ ਕਰ ਸਕੀਏ। ਸਾਡਾ ਮੁੱਖ ਨਿਸ਼ਾਨਾ ਅਤੇ ਮੰਤਵ ਮੌਜੂਦਾ ਸਾਧਨਾਂ ਨੂੰ ਰੱਖਿਆ ਦੇ ਉੱਦਮ ਲਈ ਵਰਤਣਾ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਵਿਦੇਸ਼ੀ ਸਿੱਕੇ ਦੇ ਸਾਧਨਾਂ ਦਾ ਬੋਝ ਰੋਕਿਆ ਜਾਵੇਗਾ।

**II. ਕੌਮੀ ਨੀਤੀ (National Policy)** : ਜਿਥੋਂ ਤੱਕ ਰੱਖਿਆ ਦੇ ਸੰਬੰਧਾਂ ਦਾ ਮਾਮਲਾ ਹੈ ਸਾਨੂੰ ਇਕ ਪੱਕੀ ਕੌਮੀ ਨੀਤੀ ਬਣਾਉਣੀ ਚਾਹੀਦੀ ਹੈ। ਅਸੀਂ ਪਹਿਲਾਂ ਵੀ ਵਿਚਾਰ ਕਰ ਚੁੱਕੇ ਹਾਂ ਕਿ ਯੁੱਧ ਇਕ ਮਹਿੰਗਾ ਧੰਦਾ ਹੈ ਅਤੇ ਇਸ ਵਿਚ ਕੌਮੀ ਸਾਧਨਾਂ ਦਾ ਮੁੱਖ ਹਿੱਸਾ ਵਰਤਿਆ ਜਾਂਦਾ ਹੈ। ਸਾਡੀ ਆਰਥਿਕਤਾ ਤੇ ਇਸ ਦਾ ਭੈੜਾ ਪ੍ਰਭਾਵ ਪੈਂਦਾ ਹੈ। ਸਮਾਜੀ ਸੰਤੁਲਨ ਵਿਗੜ ਜਾਂਦਾ ਹੈ। ਇਸ ਤਰ੍ਹਾਂ ਇਕ ਅਸਥਿਰ ਜਿਹੇ ਹਾਲਾਤ ਦੇਸ਼ ਵਿਚ ਪੈਦਾ ਹੋ ਜਾਂਦੇ ਹਨ। ਇਸ ਲਈ ਜ਼ਰੂਰੀ ਹੈ ਕਿ ਇਕ ਮਜ਼ਬੂਤ ਕੌਮੀ ਨੀਤੀ ਤਿਆਰ ਕੀਤੀ ਜਾਵੇ। ਜਿਥੋਂ ਤੱਕ ਭਾਰਤ ਦਾ ਸੰਬੰਧ ਹੈ ਇਹ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੇ ਵਿਰੁੱਧ ਹੈ। ਸਾਡੀ ਆਰਥਿਕਤਾ ਇਹ ਵੀ ਆਗਿਆ ਦਿੰਦੀ ਹੈ ਕਿ ਅਸੀਂ ਇੰਟਰ-ਕੌਟੀਨੈਂਟਲ ਬਲੈਸਟਿਕ ਮਿਜ਼ਾਇਲਜ਼ (Inter-Continental Ballistic Missiles) ਬਾਰੇ ਸੋਚੀਏ। ਅਸੀਂ ਅਗਾਂਹ ਵਧੂ ਦੁਨੀਆਂ ਦੇ ਦੇਸ਼ਾਂ ਨਾਲ ਵੀ ਮੁਕਾਬਲਾ ਕਰਨਾ ਨਹੀਂ ਚਾਹੁੰਦੇ ਪਰ ਜਿਥੋਂ ਤੱਕ ਉਨ੍ਹਾਂ ਦੇ ਬਹੁਤ ਧੋਖਾ ਦੇਣ ਵਾਲੇ ਰੱਖਿਆ ਸਾਜੋ-ਸਮਾਨ ਅਤੇ ਹਥਿਆਰਾਂ ਦਾ ਸੰਬੰਧ ਹੈ, ਸਾਨੂੰ ਸਾਡੇ ਦੁਸ਼ਮਣਾਂ ਨੂੰ ਮੁੱਖ ਰੱਖ ਕੇ ਫੈਸਲਾ ਕਰਨਾ ਚਾਹੀਦਾ ਹੈ ਕਿ ਸਾਨੂੰ ਰੱਖਿਆ ਲਈ ਕਿਹੋ ਜਿਹੇ ਹਥਿਆਰਾਂ ਅਤੇ ਸਾਜੋ-ਸਮਾਨ ਦੀ ਜ਼ਰੂਰਤ ਹੈ।

**III. ਸਵੈ ਨਿਰਭਰਤਾ (Self Sufficiency)** : ਸਵੈ-ਨਿਰਭਰਤਾ ਜਿੱਤ ਦਾ ਮੁੱਢ ਹੈ। ਜਿਵੇਂ ਕਿ ਅਸੀਂ ਕੋਰੀਆ, ਵੀਅਤਨਾਮ, ਅਰਬ ਤੇ ਇਜ਼ਰਾਇਲ ਦੀਆਂ ਲੜਾਈਆਂ ਵਿਚ ਦੇਖਿਆ ਕਿ ਅਜੋਕੇ ਯੁੱਧ ਲੰਮੇ ਸਮੇਂ ਦੇ ਹੁੰਦੇ ਹਨ। ਲੜਾਈ ਦਾ ਸਮਾਂ ਪਹਿਲਾਂ ਹੀ ਨਿਸ਼ਚਿਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਜਿੱਤ ਉਨ੍ਹਾਂ ਦੀ ਹੁੰਦੀ ਹੈ ਜੋ ਦੁਸ਼ਮਣ ਨਾਲ ਲੰਮੇ ਸਮੇਂ ਲਈ ਟੱਕਰ ਲੈ ਸਕਦੇ ਹੋਣ। ਇਹ ਤਦ ਹੀ ਸੰਭਵ ਹੈ ਜਦੋਂ ਦੇਸ਼ ਜੰਗੀ ਸਾਜੋ-ਸਮਾਨ ਵਿਚ ਸਵੈ-ਨਿਰਭਰ ਹੋਵੇ। ਆਮ ਤੌਰ ਉਪਰ ਅਸੀਂ ਸਵੈ-ਨਿਰਭਰਤਾ ਤੇ ਸਵੈ-ਭਰੋਸੇ ਦੀ ਰੱਖਿਆ ਉਤਪਾਦਨ ਦੇ ਸੰਬੰਧ ਵਿਚ ਗੱਲਾਂ ਕਰਦੇ ਹਾਂ। ਪਰ ਮੌਕੇ ਉਪਰ ਰੱਖਿਆ ਸੈਨਾ ਲਈ ਹਰ ਚੀਜ਼ ਦਾ ਉਤਪਾਦਨ ਕਰਨਾ ਮੁਸ਼ਕਿਲ ਤੇ ਕਈ ਵਾਰ ਅਸੰਭਵ ਵੀ ਹੋ ਜਾਂਦਾ ਹੈ। ਸਾਨੂੰ ਆਪਣੇ ਮਿੱਤਰ ਦੇਸ਼ਾਂ ਉਪਰ ਵੀ ਨਿਰਭਰ ਰਹਿਣਾ ਪੈਂਦਾ ਹੈ। ਅਮਰੀਕਾ ਅਤੇ ਰੂਸ ਵਰਗੇ ਦੇਸ਼ ਵੀ ਤੇਲ ਲਈ ਦੂਸਰੇ ਦੇਸ਼ਾਂ ਉਪਰ ਨਿਰਭਰ ਹਨ। ਅਜਿਹੀਆਂ ਚੀਜ਼ਾਂ ਲਈ ਸਾਨੂੰ ਮੰਡੀ ਲੱਭਣੀ

ਚਾਹੀਦੀ ਹੈ ਅਤੇ ਉਹ ਵਸਤੂਆ ਬਾਹਰੋਂ ਮੰਗਵਾਣੀਆਂ ਚਾਹੀਦੀਆਂ ਹਨ ਜਿਨ੍ਹਾਂ ਦੀ ਸਾਨੂੰ ਘੱਟ ਲੋੜ ਹੋਵੇ ਅਤੇ ਇਹਨਾਂ ਨੂੰ ਤਿਆਰ ਕਰਨ ਲਈ ਲਾਗਤ ਜ਼ਿਆਦਾ ਆਵੇ। ਸੋ ਇਹ ਚੰਗਾ ਹੋਵੇਗਾ ਜੇ ਇਹਨਾਂ ਦਾ ਉਤਪਾਦਨ ਦੇਸ਼ ਵਿਚ ਹੀ ਕੀਤਾ ਜਾਵੇ।

**IV. ਅਮਨ ਸਮੇਂ ਤਿਆਰੀ (Peace time build-up)** : ਅਮਨ ਅਜਿਹਾ ਸਮਾਂ ਹੈ ਜਦੋਂ ਸਾਨੂੰ ਯੁੱਧ ਲਈ ਤਿਆਰ ਹੋਣਾ ਚਾਹੀਦਾ ਹੈ। ਸਾਰੀਆਂ ਯੁੱਧ ਕਲਾਂ ਦੀਆਂ ਯੋਜਨਾਵਾਂ ਅਤੇ ਤਿਆਰੀਆਂ ਅਮਨ ਸਮੇਂ ਹੀ ਕੀਤੀਆਂ ਜਾਂਦੀਆਂ ਹਨ ਕਿਉਂਕਿ ਯੁੱਧ ਸਮੇਂ ਅਜਿਹੀਆਂ ਤਿਆਰੀਆਂ ਸੰਭਵ ਨਹੀਂ ਹਨ। ਸਾਨੂੰ ਆਪਣੇ ਹੀ ਸਾਧਨਾਂ ਉਪਰ ਨਿਰਭਰ ਹੋਣਾ ਪਵੇਗਾ। ਇਸ ਲਈ ਸਾਨੂੰ ਤਿਆਰੀ ਅਜਿਹੇ ਢੰਗ ਨਾਲ ਕਰਨੀ ਚਾਹੀਦੀ ਹੈ ਜਿਹੜੀ ਸੰਕਟ ਕਾਲ ਸਮੇਂ ਲੋੜਾਂ ਪੂਰੀਆਂ ਕਰੇ। ਸਾਨੂੰ ਪੈਦਾਵਾਰ ਦੀ ਸਮਰੱਥਾ ਇਸ ਢੰਗ ਨਾਲ ਯੋਜਨਾਬੱਧ ਕਰਨੀ ਚਾਹੀਦੀ ਹੈ ਜਿਸ ਨਾਲ ਅਸੀਂ ਸੰਕਟਕਾਲ ਸਮੇਂ ਲੋੜਾਂ ਪੂਰੀਆਂ ਕਰ ਸਕੀਏ। ਚੀਜ਼ਾਂ ਨੂੰ ਵਧੇਰੇ ਤੇਜ਼ੀ ਨਾਲ ਵੰਡ ਸਕੀਏ। ਜੇਕਰ ਅਸੀਂ ਪੈਦਾਵਾਰਾਂ ਵਿਚ ਆਮ ਮੰਤਵ ਦੀ ਮਸ਼ੀਨਰੀ ਵਰਤੀਏ ਤਾਂ ਇਸ ਸਮਰੱਥਾ ਦਾ ਅਸੀਂ ਵਧੇਰੇ ਲਾਭ ਉਠਾ ਸਕਦੇ ਹਾਂ। ਇਸ ਨਾਲ ਆਮ ਜਨਤਾ ਦੇ ਵਰਤੋਂ ਦੀਆਂ ਚੀਜ਼ਾਂ ਦੀ ਤਿਆਰੀ ਵੀ ਸੰਭਵ ਹੋ ਸਕਦੀ ਹੈ। ਇਸ ਤੋਂ ਅੱਗੇ ਇਹ ਬਹੁਤ ਜ਼ਰੂਰੀ ਹੈ ਕਿ ਮਸ਼ੀਨਾਂ ਅਤੇ ਮਨੁੱਖੀ ਨਿਪੁੰਨਤਾ ਨੂੰ ਅਮਨ ਸਮੇਂ ਪੂਰੀ ਤਰ੍ਹਾਂ ਯੋਗ ਹਾਲਤ ਵਿਚ ਰੱਖਿਆ ਜਾਵੇ ਤਾਂ ਜੋ ਇਹ ਯੁੱਧ ਸਮੇਂ ਪ੍ਰਭਾਵਿਤ ਸਿੱਧ ਹੋਣ।

**V. ਅਸੈਨਿਕ (ਸ਼ਹਿਰੀ) ਅਦਾਰਿਆਂ ਦਾ ਫਰਜ਼ (Role of Civil Sector)** : ਯੁੱਧ ਸਿਰਫ ਲੜਾਈ ਦੇ ਖੇਤਰ ਵਿੱਚ ਹੀ ਨਹੀਂ ਲੜਿਆ ਜਾਂਦਾ ਸਗੋਂ ਇਹ ਸ਼ਹਿਰੀ ਖੇਤਰ ਵਿਚ ਵੀ ਲੜਿਆ ਜਾਂਦਾ ਹੈ। ਇਸ ਲਈ ਸਾਨੂੰ ਸ਼ਹਿਰੀ ਅਦਾਰਿਆਂ ਦੀ ਮਹੱਤਤਾ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ। ਸਰਕਾਰ ਨੂੰ ਪੂਰੀ ਤਰ੍ਹਾਂ ਕੌਮੀ ਅਦਾਰਿਆਂ ਉਪਰ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ ਸਗੋਂ ਸ਼ਹਿਰੀ ਅਦਾਰਿਆਂ ਉਪਰ ਵੀ ਰਹਿਣਾ ਚਾਹੀਦਾ ਹੈ। ਰੱਖਿਆ ਦੇ ਉਤਪਾਦਨ ਦੀਆਂ ਲੋੜਾਂ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ। ਵੱਖ ਵੱਖ ਵਸਤੂਆਂ ਵਿਚ ਵਿਸ਼ੇਸ਼ਤਾ ਸ਼ਕਤੀ ਨਾਲ ਅਪਨਾਉਣੀ ਚਾਹੀਦੀ ਹੈ। ਇਕ ਜਵਾਨ ਜਿਹੜਾ ਆਪਣੇ ਘਰੋਂ ਦੂਰ, ਜ਼ੁੰਮੇਵਾਰੀ ਨਾਲ ਦੇਸ਼ ਦੀ ਰਾਖੀ ਕਰ ਰਿਹਾ ਹੈ, ਇਕੱਲਾ ਨਹੀਂ ਛੱਡਣਾ ਚਾਹੀਦਾ। ਇਸ ਲਈ ਹਥਿਆਰ ਅਤੇ ਸਾਮਾਨ, ਜਿਹੜਾ ਉਹ ਵਰਤਦਾ ਹੈ, ਭਰੋਸੇਯੋਗ ਹੋਣਾ ਜ਼ਰੂਰੀ ਹੈ।

**VI. ਜਨਤਕ ਅਦਾਰਾ (Public Sector)** : ਜਨਤਕ ਅਦਾਰਿਆਂ ਵਿਚ ਉਤਪਾਦਨ ਦੀ ਸ਼ਕਤੀ ਨੂੰ ਬਹੁਤੀ ਹੱਦ ਤਕ ਨਵੀਨ ਰੂਪ ਦਿੱਤਾ ਗਿਆ ਹੈ। ਸਵੈ-ਨਿਰਭਰ ਹੋਣ ਦੇ ਉੱਦਮ ਕੀਤੇ ਗਏ ਹਨ। ਪੈਦਾਵਾਰ ਦੀ ਸ਼ਕਤੀ ਵਧਾਈ ਜਾ ਰਹੀ ਹੈ। ਕਈ ਵਾਰ ਇਹ ਕਿਹਾ ਜਾਂਦਾ ਹੈ ਕਿ ਜਨਤਕ ਅਦਾਰਿਆਂ ਦਾ ਭਵਿੱਖ ਕੀ ਹੋਵੇਗਾ? ਇਸ ਸੁਆਲ ਦਾ ਜੁਆਬ ਸਵਰਗੀਆ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਪੱਤਰਕਾਰਾਂ ਨੂੰ ਭਾਸ਼ਨ ਦਿੰਦੇ ਹੋਏ 1966 ਵਿਚ ਦਿੱਤਾ ਸੀ, ਅਸੀਂ ਜਨਤਕ ਅਦਾਰਿਆਂ (Public Sectors) ਦੇ ਤਿੰਨ ਕਾਰਨਾਂ ਕਰਕੇ ਸਮਰਥਕ ਹਾਂ :

1. ਆਰਥਿਕਤਾ ਦੀਆਂ ਉਣਤਾਈਆਂ ਉਪਰ ਕਾਬੂ ਪਾਉਣ ਲਈ।
2. ਮਹੱਤਵਪੂਰਣ ਸਮਾਜਿਕ ਕਦਰਾਂ ਕੀਮਤਾਂ ਦੀ ਉੱਨਤੀ ਕਰਨੀ ਨਾ ਕਿ ਇਸ ਤੋਂ ਲਾਭ ਲੈਣ ਦੀ ਕੋਸ਼ਿਸ਼ ਕਰਨੀ।
3. ਵਪਾਰਕ ਵਾਧੇ ਲਈ ਜਿਸ ਦੁਆਰਾ ਆਰਥਿਕ ਉੱਨਤੀ ਨੂੰ ਹੋਰ ਅੱਗੇ ਲਿਜਾਇਆ ਜਾ ਸਕੇ।

**ਜਨਤਕ ਅਦਾਰਿਆਂ (Public Sector)** ਨੇ ਆਪਣੇ ਕੰਮ ਕਰਨ ਦੀਆਂ ਨਵੀਆਂ ਖੋਜਾਂ ਵਿਚ ਬਹੁਤ ਦਿਲਚਸਪੀ ਦਿਖਾਈ ਹੈ। ਇਹਨਾਂ ਦੇ ਉਦਯੋਗ ਪ੍ਰਬੰਧ ਵਿਚ ਆਧੁਨਿਕ ਤਕਨੀਕਾਂ ਜਿਵੇਂ ਕਿ ਕਾਰਵਾਈ ਵਿਚ ਖੋਜ ਵਿਉਂਤਬੰਦੀ ਤੇ ਆਰਥਿਕਤਾ ਤੇ ਕਾਬੂ ਪਾਉਣ ਵਿਚ ਦਿਲਚਸਪੀ ਦਿਖਾਈ ਹੈ। ਜਨਤਕ

ਅਦਾਰਿਆਂ ਵਿਚ ਖੋਜ, ਵਿਉਂਤਬੰਦੀ ਤੇ ਕਾਬੂ ਅਤੇ ਵਸਤੂਆ ਭਾਰਤੀਆਂ ਨੇ ਆਪ ਹੀ ਬਣਾਈਆਂ ਹਨ ਅਤੇ ਇਹ ਖੋਜਾ ਔਖੇ ਕਾਰਜਾਂ ਵਿਚ ਕਾਮਯਾਬ ਸਿੱਧ ਹੋਈਆਂ ਹਨ। ਜਨਤਕ ਅਦਾਰੇ ਨਾ ਸਿਰਫ ਰੱਖਿਆ ਸੰਬੰਧੀ ਹੀ ਪੈਦਾਵਾਰ ਕਰਦੇ ਹਨ ਸਗੋਂ ਵੱਧ ਕੇ ਉਹ ਦੂਸਰੇ ਖੇਤਰਾਂ ਵਿਚ ਵੀ ਮੁੱਖ ਫਰਜ਼ ਅਦਾ ਕਰ ਰਹੇ ਹਨ। ਇਸ ਤਰ੍ਹਾਂ ਇਹ ਲੋਕਾਂ ਦੀ ਖੁਸ਼ਹਾਲੀ ਦੇ ਸੁਪਨਿਆਂ ਦੀ ਪੂਰਤੀ ਵੀ ਕਰਦੇ ਹਨ।

**VII. ਸਖਤ ਵਿਸ਼ੇਸ਼ ਵਿਵਰਣ (Rigid Specification)** : ਸਖਤ ਵਿਸ਼ੇਸ਼ਤਾਵਾਂ ਸੈਨਾ ਦੀ ਵਰਤੋਂ ਦੀਆਂ ਵਸਤੂਆਂ ਦੀ ਪੈਦਾਵਾਰ ਉੱਪਰ ਲਾਗੂ ਨਹੀਂ ਹੁੰਦੀ। ਠੀਕ ਪੜਤਾਲ ਲਈ ਇਕ ਵੇਰਵੇ ਸਹਿਤ ਤਰੀਕਾ ਹੋਣਾ ਚਾਹੀਦਾ ਹੈ। ਜਿਹੜਾ ਵੱਖ ਵੱਖ ਪੜਾਵਾਂ ਉਪਰ ਇਸ ਦੀ ਦੇਖਭਾਲ ਕਰੇ।

**VIII. ਵਿਦੇਸ਼ੀ ਅਦਲਾ ਬਦਲੀ (Import Substitution)** : ਗੈਰ ਸਰਕਾਰੀ ਅਦਾਰਿਆਂ ਨੇ ਵੀ ਰੱਖਿਆ ਦੀਆਂ ਵਸਤੂਆਂ ਬਣਾਉਣ ਵਿਚ ਬਹੁਤ ਸਹਾਇਤਾ ਦਿੱਤੀ ਹੈ। ਸਿੱਟੇ ਵਜੋਂ ਕਈ ਵਸਤੂਆਂ ਜਿਹੜੀਆਂ ਵਿਦੇਸ਼ਾਂ ਤੋਂ ਮੰਗਵਾਇਆ ਜਾਂਦੀਆਂ ਹਨ, ਦੇਸ਼ ਵਿਚ ਹੀ ਉੱਨਤ ਅਤੇ ਪੈਦਾ ਹੋਣ ਲਗ ਪਈਆਂ। ਭਾਰਤ ਵਰਗੇ ਉੱਨਤ ਹੋ ਰਹੇ ਦੇਸ਼ਾਂ ਲਈ ਇਹ ਜ਼ਰੂਰ ਹੈ ਕਿ ਨਵੀਨ ਉੱਨਤ ਤਕਨੀਕ ਰੱਖਿਆ ਦੀਆਂ ਵਸਤੂਆਂ ਬਣਾਉਣ ਲਈ ਵਰਤੀ ਜਾਵੇ। ਸਾਡੇ ਦੇਸ਼ ਵਿਚ ਦੋਵੇਂ ਸਰਕਾਰੀ ਅਤੇ ਗੈਰ ਸਰਕਾਰੀ ਖੇਤਰ ਦੋਵੇਂ ਇਹ ਉੱਦਮ ਕਰ ਰਹੇ ਹਨ। ਸੋ ਦੋਵੇਂ ਖੇਤਰ ਵਿਚ ਇਕ ਦੂਰੇ ਲਈ ਅਨੁਪੂਰਕ (Supplementary) ਹਨ।

## 2.2 ਰੱਖਿਆ ਉਤਪਾਦਨ ਦੀਆਂ ਔਕੜਾਂ (Problems in Production)

ਸਾਇੰਸ ਅਤੇ ਤਕਨਾਲੋਜੀ ਦੇ ਵਾਧੇ ਨਾਲ ਯੁੱਧ ਵਧੇਰੇ ਸਾਇੰਸ ਉਪਰ ਆਧਾਰਿਤ ਹੋ ਰਿਹਾ ਹੈ। ਠੰਡੀ ਜੰਗ (Cold War) ਹਥਿਆਰਾਂ ਉਪਰ ਜ਼ੋਰ ਦੇ ਰਿਹਾ ਹੈ। ਇਹ ਹਥਿਆਰਾਂ ਦੀ ਦੌੜ ਨਵੀਆਂ ਜੰਗੀ ਚਾਲਾਂ ਅਤੇ ਇਸ ਦੀਆਂ ਵਿਰੋਧਤਾਵਾਂ ਨੂੰ ਜਨਮ ਦਿੰਦੀ ਹੈ। ਸਮਾਂ ਇੰਨੀ ਤੇਜ਼ੀ ਨਾਲ ਗੁਜ਼ਰ ਰਿਹਾ ਹੈ ਕਿ ਗਰੀਬ ਦੇਸ਼ਾਂ ਨੂੰ ਕਤਾਰ ਵਿਚ ਖੜਨਾ ਬਹੁਤ ਮੁਸ਼ਕਿਲ ਹੋ ਗਿਆ ਹੈ। ਧਨ ਅਤੇ ਦੂਸਰੀਆਂ ਤਕਨੀਕੀ ਕਮਜ਼ੋਰੀਆਂ ਕਰਕੇ ਉਹ ਆਧੁਨਿਕ ਹਥਿਆਰ ਅਤੇ ਸਾਜੋ ਸਮਾਨ ਨਹੀਂ ਬਣਾ ਸਕਦੇ। ਹੋਰ ਵੀ ਬਹੁਤ ਸਾਰੀਆਂ ਮੁਸ਼ਕਲਾਂ ਹਨ ਜਿਨ੍ਹਾਂ ਦਾ ਰੱਖਿਆ ਉਤਪਾਦਨ ਨੂੰ ਸਾਹਮਣਾ ਕਰਨਾ ਪੈਂਦਾ ਹੈ। ਉਹ ਇਸ ਪ੍ਰਕਾਰ ਹਨ :

**(I) ਤਕਨੀਕੀ ਰੂਪ ਵਿਚ ਮੁਸ਼ਕਲਾਂ (Technical Problems)** : ਆਮ ਤੌਰ ਉਪਰ ਰੱਖਿਆ ਉਤਪਾਦਨ ਦੇ ਵਿਭਾਗ ਨੂੰ ਬਹੁਤ ਗੁੰਝਲਦਾਰ ਉਦਯੋਗਿਕ ਤਕਨੀਕਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬੇਸ਼ੱਕ ਸਰਕਾਰ ਇਹਨਾਂ ਮਾਮਲਿਆਂ ਵੱਲ ਸਭ ਤੋਂ ਵੱਧ ਧਿਆਨ ਦੇਂਦੀ ਹੈ ਫਿਰ ਵੀ ਖਾਸ ਕਰਕੇ ਗਰੀਬ ਦੇਸ਼ਾਂ ਵਿਚ ਇਸ ਦੀਆਂ ਵੀ ਕੁਝ ਘਾਟਾਂ ਅਤੇ ਮੁਸ਼ਕਲਾਂ ਹਨ। ਬਹੁਤ ਤੇਜ਼ੀ ਨਾਲ ਬਦਲ ਰਹੀਆਂ ਤਕਨੀਕਾਂ ਕਾਰਨ, ਅਮੀਰ, ਤਕਨੀਕੀ ਅਤੇ ਉਦਯੋਗਿਕ ਤੌਰ ਉਪਰ ਅਗਾਂਹ ਵਧੂ ਦੇਸ਼ ਬਹੁਤ ਵਧੀਆ ਹਥਿਆਰ ਬਣਾ ਰਹੇ ਹਨ। ਇਸ ਦਾ ਕਾਰਨ ਇਹ ਹੈ ਕਿ ਅਮੀਰ ਦੇਸ਼ਾਂ ਕੋਲ ਪੈਸਾ ਅਤੇ ਤਕਨੀਕੀ ਜਾਣਕਾਰੀ ਦੀਆਂ ਸਾਰੀਆਂ ਸਹੂਲਤਾਂ ਹਨ। ਪਰ ਗਰੀਬ ਦੇਸ਼ਾਂ ਕੋਲ ਅਜਿਹਾ ਕੁਝ ਨਹੀਂ ਹੈ। ਜਿਥੋਂ ਤੱਕ ਭਾਰਤ ਦਾ ਸੰਬੰਧ ਹੈ, ਇਸ ਦੇ ਰੱਖਿਆ ਉਤਪਾਦਨ ਵਿਭਾਗ ਦਾ ਇਲੈਕਟਰੋਨਿਕ (Electronic) ਹਵਾਈ ਜਹਾਜ਼ ਅਤੇ ਸਮੁੰਦਰੀ ਜਹਾਜ਼ ਆਦਿ ਬਨਾਉਣ ਨਾਲ ਵਾਹ ਪੈਂਦਾ ਹੈ। ਇਸ ਵਿਭਾਗ ਦੀਆਂ ਵੀ ਆਪਣੀਆਂ ਮੁਸ਼ਕਲਾਂ ਅਤੇ ਰੁਕਾਵਟਾਂ ਹਨ ਜਿਨਾਂ ਕਰਕੇ ਇਹ ਤਕਨੀਕੀ ਪੱਖੋਂ ਪਿਛੜਿਆ ਹੋਇਆ ਹੈ।

**(II) ਗੁਣਾਂ ਤੇ ਕਾਬੂ (Quality Control)** : ਜਿੱਥੇ ਰੱਖਿਆ ਦੇ ਸਾਜੋ-ਸਮਾਨ ਦੇ ਉਤਪਾਦਨ ਦਾ ਸੰਬੰਧ ਹੈ ਇਸ ਦੇ ਗੁਣਾਂ ਉਪਰ ਕਾਬੂ ਹੋਣਾ ਜ਼ਰੂਰੀ ਹੈ ਕਿਉਂਕਿ ਜਿਹੜਾ ਸਿਪਾਹੀ ਲੜਨ ਲਈ ਜਾ ਰਿਹਾ ਹੈ ਉਸ ਨੂੰ ਉਸ ਦਾ ਹਥਿਆਰ ਅਤੇ ਸਾਜੋ-ਸਮਾਨ ਉਪਰ ਪੂਰਾ ਭਰੋਸਾ ਹੋਣਾ ਚਾਹੀਦਾ ਹੈ।

ਇਹ ਅਜਿਹੇ ਹੋਣੇ ਚਾਹੀਦੇ ਹਨ ਜਿਹੜੇ ਹਰ ਮੌਸਮ ਅਤੇ ਹਰ ਕਿਸਮ ਦੇ ਜੰਗ ਲਈ ਪੂਰੇ ਪੂਰੇ ਲਾਭਦਾਇਕ ਸਿੱਧ ਹੋਣ। ਜੇਕਰ ਇਹਨਾਂ ਦੀ ਕਿਸਮ ਦੇ ਗੁਣਾਂ ਉਪਰ ਕਾਬੂ ਨਹੀਂ ਰੱਖਿਆ ਜਾਵੇਗਾ ਤਾਂ ਸਿਪਾਹੀ ਕਦੇ ਵੀ ਪੂਰੇ ਵਿਸ਼ਵਾਸ ਨਾਲ ਯੁੱਧ ਨਹੀਂ ਕਰ ਸਕੇਗਾ। ਹਥਿਆਰ ਅਤੇ ਸਾਜ਼ੋ-ਸਮਾਨ ਦਾ ਪੂਰੀ ਤਰ੍ਹਾਂ ਨਿਰੀਖਣ ਹੋਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਇਹ ਸੈਨਾ ਨੂੰ ਵਰਤੋਂ ਲਈ ਦਿੱਤੇ ਜਾਣ ਇਸ ਕਿਸਮ ਦਾ ਕੰਟਰੋਲ ਹਰ ਸਮੇਂ ਹਰ ਕੀਮਤ ਉਪਰ ਲਾਗੂ ਕਰਨਾ ਜ਼ਰੂਰੀ ਹੈ।

**(III) ਅਸੈਨਿਕ ਉਦਯੋਗਾਂ ਦਾ ਰੱਖਿਆ ਦੀਆਂ ਲੋੜਾਂ ਲਈ ਤਬਦੀਲੀ ਦੀ ਸਮਰੱਥਾ (Convertibility of Civil Industry into Defence Needs)** : ਹਰ ਇਕ ਦੇਸ਼, ਬੇਸ਼ਕ ਉਹ ਅਮੀਰ ਹੈ ਜਾਂ ਗਰੀਬ ਲਈ ਇਹ ਬਹੁਤ ਮੁਸ਼ਕਲ ਹੈ ਕਿ ਉਹ ਅਮਨ ਸਮੇਂ ਵੀ ਜੰਗੀ ਸਾਜ਼ੋ-ਸਮਾਨ ਦਾ ਲੋੜ ਤੋਂ ਵੱਧ ਉਤਪਾਦਨ ਜਾਰੀ ਰੱਖ ਸਕੇ। ਜੇਕਰ ਬਹੁਤ ਸਾਜ਼ੋ-ਸਮਾਨ ਤਿਆਰ ਕਰ ਦਿੱਤਾ ਜਾਂਦਾ ਹੈ ਤਾਂ ਇਹ ਰੱਦੀ ਜਾਂ ਵਰਤੋਂ ਲਈ ਅਯੋਗ ਵੀ ਹੋ ਸਕਦਾ ਹੈ। ਸੋ ਇਹ ਬਹੁਤ ਜ਼ਰੂਰੀ ਹੈ ਕਿ ਅਸੈਨਿਕ ਉਦਯੋਗ ਨੂੰ ਇਸ ਤਰ੍ਹਾਂ ਵਿਉਂਤਿਆ ਜਾਵੇ ਜਿਹੜਾ ਜੰਗ ਦੀਆਂ ਲੋੜਾਂ ਦਾ ਸਮਾਨ ਬਿਨਾਂ ਕਿਸੇ ਦੇਰ ਤੋਂ ਤਿਆਰ ਕਰ ਸਕਦਾ ਹੋਵੇ। ਅਮਨ ਸਮੇਂ ਅਜਿਹੇ ਉਦਯੋਗ ਨੂੰ ਜਨਤਕ ਲੋੜਾਂ ਦੀਆਂ ਵਸਤੂਆਂ ਤਿਆਰ ਕਰਨੀਆਂ ਚਾਹੀਦੀਆਂ ਹਨ। ਅਜਿਹੇ ਉਦਯੋਗਾਂ ਵਿਚ ਬਹੁਤ ਨਿਪੁੰਨ ਅਤੇ ਪੂਰੀ ਸਿਖਲਾਈ ਵਾਲੇ ਤਕਨੀਕੀ ਮਾਹਿਰ ਅਤੇ ਮਜ਼ਦੂਰ ਲਾਏ ਜਾਣੇ ਚਾਹੀਦੇ ਹਨ। ਇਹ ਤਬਦੀਲੀ ਦੀ ਸਮਰੱਥਾ ਦੋਵੇਂ ਸਿਪਾਹੀਆਂ ਅਤੇ ਸ਼ਹਿਰੀਆਂ ਦਾ ਹੌਸਲਾ ਉੱਚਾ ਕਰ ਦੇਵੇਗੀ।

**(IV) ਯੁੱਧ ਦੀਆਂ ਸੀਮਤ ਲੋੜਾਂ (The Limited War Requirement)** : ਕੁਝ ਸਾਲ ਪਹਿਲਾਂ ਬਹੁਤ ਸਾਰੇ ਜੰਗੀ ਸਾਜ਼ੋ-ਸਮਾਨ ਨਾਲ ਬਹੁਤ ਲੰਮੇ ਸਮੇਂ ਦੇ ਯੁੱਧ ਲੜੇ ਗਏ। ਪਰ ਅੱਜ ਦੇ ਰੱਖਿਆ ਉਤਪਾਦਨ ਦੀਆਂ ਮੁਸ਼ਕਲਾਂ ਨੂੰ ਸਾਹਮਣੇ ਰੱਖਦੇ ਹੋਏ ਇਹ ਨਾਜ਼ੁਕ ਸੁਆਲ ਪੈਦਾ ਹੁੰਦਾ ਹੈ ਕਿ ਖਰਚੀਲੇ ਯੁੱਧ ਭਵਿੱਖ ਵਿਚ ਲੜੇ ਜਾਣਗੇ ਜਾਂ ਨਹੀਂ ਪਰ ਨਿਸ਼ਸਤਰੀਕਰਨ (Disarmament) ਦੇ ਵਿਚਾਰ ਨੂੰ ਮੁੱਖ ਰੱਖਕੇ ਅਸੀਂ ਕੁਝ ਸਿੱਟਿਆਂ ਉਪਰ ਪੁੱਜ ਸਕਦੇ ਹਾਂ ਕਿ ਭਵਿੱਖ ਵਿਚ ਖਰਚੀਲੇ ਯੁੱਧ ਨਹੀਂ ਲੜੇ ਜਾਣਗੇ ਕਿਉਂਕਿ ਸਾਰੇ ਉੱਨਤ ਹੋਏ ਦੇਸ਼ ਵਿਚੋ ਇਸ ਗੱਲੋਂ ਡਰਦੇ ਹਨ ਕਿ ਜੇਕਰ ਯੁੱਧ ਲੰਮੇ ਹੋ ਗਏ ਤਾਂ ਪ੍ਰਮਾਣੂ (Nuclear) ਜੰਗ ਸ਼ੁਰੂ ਹੋਣ ਦਾ ਖਤਰਾ ਹੈ। ਕੋਈ ਵੀ ਉੱਨਤ ਹੋਇਆ ਦੇਸ਼ ਪ੍ਰਮਾਣੂ ਜੰਗ (Nuclear War) ਦੇ ਹੱਕ ਵਿਚ ਨਹੀਂ ਸਗੋਂ ਉਹ ਹਮੇਸ਼ਾ ਇਸ ਜੰਗ ਨੂੰ ਟਾਲਣ ਦੀ ਕੋਸ਼ਿਸ਼ ਕਰਦੇ ਹਨ। ਲੰਮੇ ਯੁੱਧ ਤਾਂ ਹੀ ਲੜੇ ਜਾ ਸਕਦੇ ਹਨ ਜੇਕਰ ਲੜ ਰਹੇ ਦੇਸ਼ਾਂ ਵਿਚ ਜੰਗੀ ਸਮਾਨ ਬਹੁਤ ਜਾਂ ਅਸੀਮਿਤ ਪੈਦਾ ਕਰਨ ਦੀ ਸਮਰੱਥਾ ਹੋਵੇ। ਪਰ ਅੱਜਕੱਲ੍ਹ ਕੋਈ ਵੀ ਦੇਸ਼ ਇਸ ਹਾਲਤ ਵਿਚ ਨਹੀਂ ਕਿ ਉਹ ਜੰਗ ਦੇ ਏਡੇ ਵੱਡੇ ਖਰਚ ਸਹਾਰ ਸਕੇ। ਸੋ ਰੱਖਿਆ ਉਤਪਾਦਨ ਦੀ ਮੁਸ਼ਕਲ ਨੂੰ ਇਹ ਗੱਲ ਧਿਆਨ ਵਿਚ ਰੱਖ ਕੇ ਵਿਚਾਰਨਾ ਚਾਹੀਦਾ ਹੈ।

**(V) ਬੇਕਾਰ ਹੋਣ ਦਾ ਪੱਖ (Obsolescence Factor)** : ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਬਿਲਕੁਲ ਨਵੀਨ ਹਥਿਆਰ ਬਹੁਤ ਛੇਤੀ ਹੀ ਬੇਕਾਰ (absolete) ਹੋ ਜਾਂਦੇ ਹਨ ਭਾਵੇਂ ਪੁਰਾਣੇ ਹੋ ਜਾਂਦੇ ਹਨ। ਇਹ ਸਾਰਾ ਤੇਜ਼ੀ ਨਾਲ ਹੋ ਰਹੀ ਤਰੱਕੀ ਦੇ ਕਾਰਨ ਹਨ। ਰੱਖਿਆ ਉਤਪਾਦਨ ਸੰਸਥਾਵਾਂ (Defence production establishments) ਨੂੰ ਇਸ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਦੀ ਬਣਾਈ ਯੋਜਨਾ ਕਲ ਪੁਰਾਣੀ ਹੋ ਜਾਂਦੀ ਹੈ। ਤਕਨੀਕ ਵਿਚ ਤੇਜ਼ੀ ਨਾਲ ਤਬਦੀਲੀ ਹੋਣ ਕਾਰਣ, ਉਦਯੋਗਿਕ ਪੈਦਾਵਾਰ ਦੀ ਪੁਰਾਣਾ ਹੋਣ ਦੀ ਰਫ਼ਤਾਰ ਵੀ ਤੇਜ਼ ਹੋ ਗਈ ਹੈ। ਇਸ ਲਈ ਰੱਖਿਆ ਉਤਪਾਦਨ ਸੰਸਥਾਵਾਂ ਨੂੰ ਇਹਨਾਂ ਤੱਥਾਂ ਨੂੰ ਸਾਹਮਣੇ ਰੱਖ ਕੇ ਉਤਪਾਦਨ ਦੀ ਯੋਜਨਾ ਬਣਾਉਣੀ ਪਵੇ ਗੀ।

**(VI) ਸਾਧਨਾਂ ਦੀ ਔਕੜ (Problem of Resources)** : ਉਤਪਾਦਨ ਲਈ ਕੱਚੇ ਮਾਲ ਦਾ ਹੋਣਾ ਜ਼ਰੂਰੀ ਹੈ। ਕੱਚਾ ਮਾਲ ਕਿਸੇ ਨਾ ਕਿਸੇ ਸਾਧਨ ਰਾਹੀਂ ਇਕੱਠਾ ਕੀਤਾ ਜਾਂਦਾ ਹੈ। ਕੱਚੇ ਮਾਲ

ਦੀ ਮੁਸ਼ਕਲ ਹੱਲ ਹੋ ਸਕਦੀ ਹੈ ਜੇਕਰ ਦੇਸ਼ ਦੇ ਸਾਧਨ ਅਮੀਰ ਹੋਣ। ਪਰ ਜੇਕਰ ਦੇਸ਼ ਵਿਚ ਕੱਚੇ ਮਾਲ ਦੀ ਥੁੜ੍ਹ ਹੋਵੇ ਤਾਂ ਇਹ ਦੋਸਤ ਦੇਸ਼ਾਂ ਪਾਸੋਂ ਮੰਗਵਾਇਆ ਜਾਂਦਾ ਹੈ। ਜਿਥੇ ਤਕ ਭਾਰਤ ਦਾ ਸੁਆਲ ਹੈ ਇਸ ਕੋਲ ਵਸੀਲੇ ਬਹੁਤ ਹਨ। ਮੁੱਖ ਕੱਚਾ ਮਾਲ ਲੋਹਾ ਅਤੇ ਕੋਲਾ ਹੈ। ਇਹ ਦੋਵੇਂ ਭਾਰਤ ਵਿਚ ਪਾਏ ਜਾਂਦੇ ਹਨ। ਭਾਰਤ ਨੇ ਸਟੀਲ ਦੇ ਕਾਰਖਾਨੇ ਲਾਏ ਹਨ ਜਿਹੜੇ ਬਹੁਤ ਚੰਗੀ ਕਿਸਮ ਦਾ ਸਟੀਲ ਤਿਆਰ ਕਰਦੇ ਹਨ। ਹੋਰ ਕਿਸਮ ਦਾ ਕੱਚਾ ਮਾਲ, ਜੋ ਭਾਰਤ ਵਿਚ ਨਹੀਂ ਬਣਦਾ, ਬਾਹਰਲੇ ਦੇਸ਼ਾਂ ਵਿਚੋਂ ਮੰਗਵਾਇਆ ਜਾਂਦਾ ਹੈ। ਇਸ ਤਰ੍ਹਾਂ ਅਸੀਂ ਆਪਣੀ ਰੱਖਿਆ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹਾਂ।

**(VII) ਪੈਦਾਵਾਰ ਦਾ ਬੰਦ ਹੋ ਜਾਣਾ (Discontinuity Factors)** : ਜਦੋਂ ਯੁੱਧ ਦਾ ਸਮਾਂ ਨਹੀਂ ਹੁੰਦਾ ਤਾਂ ਜੰਗੀ ਸਮਾਨ ਦਾ ਉਤਪਾਦਨ ਬਹੁਤ ਹੀ ਘੱਟ ਰਫਤਾਰ ਨਾਲ ਕੀਤਾ ਜਾਂਦਾ ਹੈ। ਅਸੈਨਿਕ ਉਦਯੋਗ ਨੂੰ ਉਸ ਸਮੇਂ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਜਦੋਂ ਯੁੱਧ ਨਾ ਹੋਵੇ ਕਿਉਂਕਿ ਉਦਯੋਗਾਂ ਨੂੰ ਆਰਥਿਕ ਘਾਟਾ ਸਹਿਣਾ ਪੈਂਦਾ ਹੈ। ਇਸ ਰੁਕਾਵਟ ਕਾਰਨ ਅਸੈਨਿਕ ਉਦਯੋਗਾਂ ਦੀ ਜੰਗੀ ਸਮਾਨ ਤਿਆਰ ਕਰਨ ਵਿਚ ਬੇਰੁਖੀ ਹੋ ਜਾਂਦੀ ਹੈ। ਅਸੈਨਿਕ ਉਦਯੋਗ ਬੇਸ਼ਕ ਗੈਰ-ਸਰਕਾਰੀ ਖੇਤਰ ਦਾ ਹੋਵੇ, ਉਹਨਾਂ ਨੂੰ ਹੋਲੀ ਹੋਲੀ ਅਤੇ ਲਗਾਤਾਰ ਕੰਮ ਮਿਲਣਾ ਚਾਹੀਦਾ ਹੈ। ਜੇਕਰ ਉਹਨਾਂ ਨੂੰ ਕੰਮ ਨਹੀਂ ਮਿਲੇਗਾ ਤਾਂ ਉਹ ਵਿਹਲੇ ਹੋ ਜਾਣਗੇ।

**(VIII) ਰੱਖਿਆ ਉਤਪਾਦਨ ਵਿਚ ਖੋਜ ਅਤੇ ਉੱਨਤੀ (Research and Development in Defence Production)** : ਹਥਿਆਰਾਂ ਦੇ ਪਿੱਛੇ ਰਹਿ ਜਾਣ ਦਾ ਪੱਖ ਭਾਵ ਪੁਰਾਣੇ ਹੋ ਜਾਣਾ, ਖੋਜ ਅਤੇ ਉੱਨਤੀ ਇਕ ਸੋਚਣ ਦਾ ਵਿਸ਼ਾ ਹੈ। ਇਹ ਕੰਮ ਆਮ ਤੌਰ ਉਪਰ ਸਰਕਾਰ ਦਾ ਖੋਜ ਅਤੇ ਉੱਨਤੀ ਵਿਭਾਗ ਕਰਦਾ ਹੈ। ਨਵੀਨ ਗੁੰਝਲਦਾਰ ਹਥਿਆਰ ਬਣਾਉਣ ਲਈ ਬਹੁਤ ਸਾਰੇ ਫੰਡਾਂ ਅਤੇ ਸਹੂਲਤਾਂ ਦੀ ਜ਼ਰੂਰਤ ਹੈ।ਇਹ ਸਾਰੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ। ਇਹ ਵਿਭਾਗ ਰੱਖਿਆ ਉਤਪਾਦਨ ਦਾ ਜ਼ਰੂਰੀ ਅੰਗ ਹੈ ਕਿਉਂਕਿ ਇਹ ਵਿਭਾਗ ਬਿਲਕੁੱਲ ਆਧੁਨਿਕ ਧੋਖਾ ਦੇਣ ਵਾਲੇ ਹਥਿਆਰ ਆਦਿ ਬਣਾਉਣ ਲਈ ਜ਼ਿੰਮੇਵਾਰ ਹੈ।

**2.3 ਰੱਖਿਆ ਉਤਪਾਦਨ ਲਈ ਯੋਜਨਾਬੰਦੀ** : ਜਿਵੇਂ ਕਿ ਅਸੀਂ ਉਪਰ ਦੇਖ ਚੁੱਕੇ ਹਾਂ ਕਿ ਯੋਜਨਾਬੰਦੀ ਅਤੇ ਉਤਪਾਦਨ ਸੈਨਾਵਾਂ ਦੀ ਜ਼ਿੰਦਗੀ ਅਤੇ ਰੂਹ ਹਨ। ਠੀਕ ਢੰਗ ਦੀ ਯੋਜਨਾ ਅਤੇ ਉਤਪਾਦਨ ਬਗੈਰ ਜੰਗ ਕਦੇ ਨਹੀਂ ਲੜੀ ਜਾ ਸਕਦੀ। ਤਕਨੀਕ ਅਤੇ ਸਾਇੰਸ ਦੇ ਖੇਤਰ ਵਿਚ ਉੱਨਤਸ਼ੀਲ ਦੇਸ਼ ਪੂਰੀ ਕੋਸ਼ਿਸ਼ ਨਾਲ ਯੁੱਧ ਲਈ ਯੋਜਨਾਬੰਦੀ ਅਤੇ ਉਤਪਾਦਨ ਵਲ ਧਿਆਨ ਦੇਂਦੇ ਹਨ। ਫਿਰ ਵੀ ਰੱਖਿਆ ਦੀਆਂ ਲੋੜਾਂ ਵਿਚ ਗੰਭੀਰ ਘਾਟੇ ਰਹਿ ਜਾਂਦੇ ਹਨ। ਇਹ ਕਮੀਆਂ ਸਮੇਂ ਸਮੇਂ ਸਿਰ ਮਹਿਸੂਸ ਕੀਤੀਆਂ ਜਾਂਦੀਆਂ ਹਨ ਅਤੇ ਇਹਨਾਂ ਨੂੰ ਖਤਮ ਕਰਨ ਲਈ ਯਤਨ ਕੀਤੇ ਜਾਂਦੇ ਰਹਿੰਦੇ ਹਨ। ਜਿਥੋਂ ਤੱਕ ਯੋਜਨਾਬੰਦੀ ਅਤੇ ਉਤਪਾਦਨ ਦਾ ਸੰਬੰਧ ਹੈ ਇਹਨਾਂ ਨੂੰ ਇਸ ਤਰ੍ਹਾਂ ਵਿਉਂਤਿਆਂ ਜਾਵੇ ਕਿ ਆਰਥਿਕ ਦਬਾਅ ਰਾਜ ਦੇ ਖਜ਼ਾਨੇ ਉਪਰ ਇਕਦਮ ਨਾ ਪਏ। ਇਸ ਲਈ ਉਤਪਾਦਨ ਲਈ ਦੋ ਤਰ੍ਹਾਂ ਦੀਆਂ ਯੋਜਨਾਵਾਂ ਹੋਣੀਆਂ ਚਾਹੀਦੀਆਂ ਹਨ :

**(ੳ) ਘੱਟ ਸਮੇਂ ਦੀ ਯੋਜਨਾ (Short Term Plan)** : ਤਾਂ ਜੋ ਰੱਖਿਆ ਸੈਨਾਵਾਂ ਦੀਆਂ ਤੁਰੰਤ ਦੀਆਂ ਲੋੜਾਂ ਪੂਰੀਆਂ ਹੋ ਸਕਣ, ਅਤੇ

**(ਅ) ਲੰਮੇ ਸਮੇਂ ਦੀ ਯੋਜਨਾ (Long Term Plan)** : ਤਾਂ ਜੋ ਭਵਿੱਖ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੋਵੇ।

ਘੱਟ ਸਮੇਂ ਦੀ ਯੋਜਨਾ ਵਿਚ ਅਸੀਂ ਆਪਣੀਆਂ ਰੱਖਿਆ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਿੱਤਰ ਦੇਸ਼ਾਂ ਉਪਰ ਨਿਰਭਰ ਹੋ ਸਕਦੇ ਹਾਂ। ਪਰ ਲੰਮੇ ਸਮੇਂ ਦੀ ਯੋਜਨਾ ਵਿਚ ਸਾਨੂੰ ਉਦਯੋਗ ਅਤੇ ਖੋਜ ਦੇ ਉੱਨਤੀ ਦੇ ਕੇਂਦਰ ਆਧੁਨਿਕ ਹਥਿਆਰ ਅਤੇ ਸਾਜੋ-ਸਮਾਨ ਚਲਾਉਣ ਲਈ ਸਥਾਪਤ ਕਰਨੇ ਚਾਹੀਦੇ

ਹਨ। ਸਾਡੀ ਯੋਜਨਾਬੰਦੀ ਲਚਕੀਲੀ (Flexible) ਹੋਣੀ ਚਾਹੀਦੀ ਹੈ ਨਾ ਕਿ ਸਖਤ (Rigid) ਤਾਂ ਜੋ ਅਸੀਂ ਸਮੇਂ ਦੀਆਂ ਲੋੜਾਂ ਅਨੁਸਾਰ ਉਤਪਾਦਨ ਕਰ ਸਕੀਏ। ਇਹ ਯੋਜਨਾਬੰਦੀ ਇੰਨੀ ਤਾਲਮੇਲ ਵਾਲੀ ਹੋਣੀ ਚਾਹੀਦੀ ਹੈ ਤਾਂ ਜੋ ਤਿੰਨੇ ਸੇਵਾਵਾਂ ਯੋਜਨਾਕਾਰ ਦੇ ਧਿਆਨ ਵਿਚ ਆ ਜਾਣ। ਜਿਵੇਂ ਕਿ ਪਹਿਲਾਂ ਹੀ ਸੁਝਾਅ ਦਿੱਤਾ ਹੈ ਕਿ ਸਾਡੀਆਂ ਯੋਜਨਾਵਾਂ ਸਮਾਂ ਬੱਧ ਹੋਣੀਆਂ ਹਨ। ਇਸ ਤਰ੍ਹਾਂ ਯੋਜਨਾ ਜਿਹੜਾ ਉਤਪਾਦਨ ਸ਼ੁਰੂ ਕਰਦੀ ਹੈ, ਆਪਣੇ ਉਤਪਾਦਨ ਖੇਤਰ ਵਿਚ ਠੀਕ ਯੋਗਦਾਨ ਪਾ ਸਕਦੀ ਹੈ। ਯੋਜਨਾ 10 ਸਾਲਾਂ ਲਈ ਹੋਣੀ ਚਾਹੀਦੀ ਹੈ। ਹਰ ਸਾਲ ਯੋਜਨਾ ਦੀ ਪੜਚੋਲ ਹੋਣੀ ਚਾਹੀਦੀ ਹੈ। ਯੋਜਨਾ ਦੇ ਇਕ ਸਾਲ ਪੂਰਾ ਹੋ ਜਾਣ ਮਗਰੋਂ ਇਕ ਹੋਰ ਨਵਾਂ ਸਾਲ ਸ਼ਾਮਿਲ ਕਰ ਲੈਣਾ ਚਾਹੀਦਾ ਹੈ। ਕੁਝ ਵਿਸ਼ੇਸ਼ ਚੀਜ਼ਾਂ ਹਨ ਜਿਹੜੀਆਂ ਠੀਕ ਉਤਪਾਦਨ ਯੋਜਨਾ ਲਈ ਬਹੁਤ ਜ਼ਰੂਰੀ ਹਨ।

**(I) ਖਾਣ ਦੇ ਭੋਜਨ ਸਮੱਗਰੀ ਪਦਾਰਥ (Foodstuffs)** : ਖੇਤੀ ਬਾੜੀ ਦੇ ਸੰਬੰਧ ਵਿਚ ਹੀ ਯੋਜਨਾ ਬਣਾਉਣੀ ਚਾਹੀਦੀ ਹੈ ਤਾਂ ਜੋ ਖਾਣ ਦੇ ਪਦਾਰਥਾਂ ਦੀ ਉਤਪਤੀ ਵਿਚ ਵਾਧਾ ਹੋ ਸਕੇ। ਯੁੱਧ ਸਮੇਂ ਦੀਆਂ ਲੋੜਾਂ ਨੂੰ ਪੂਰੀ ਮਾਤਰਾ ਵਿਚ ਖਾਣ ਦਾ ਸਮਾਨ ਮਿਲਣਾ ਚਾਹੀਦਾ ਹੈ ਕਿਉਂਕਿ ਆਮ ਤੌਰ ਤੇ ਯੁੱਧ ਸਮੇਂ ਫਸਲ ਦੇ ਝਾੜ ਉਪਰ ਵੀ ਅਸਰ ਪੈਂਦਾ ਹੈ।

**(II) ਉਦਯੋਗਾਂ ਨੂੰ ਨਿਰਦੇਸ਼ਨ (Direction to Industry)** : ਯੋਜਨਾਬੰਦੀ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਯੁੱਧ ਸਮੇਂ ਉਦਯੋਗਾਂ ਵਿੱਚ ਜੰਗੀ ਸਾਜੋ-ਸਮਾਨ ਬਣਾਉਣ ਲਈ ਤਬਦੀਲੀ ਲਿਆਂਦੀ ਜਾ ਸਕੇ। ਉਦਾਹਰਣ ਦੇ ਤੌਰ ਉਪਰ ਜਿਹੜਾ ਕਾਰਖਾਨਾ ਅਮਨ ਸਮੇਂ ਊਨੀ ਸਮਾਨ ਬਣਾਉਂਦਾ ਹੈ ਉਹ ਜੰਗ ਸਮੇਂ ਜਰਸੀਆਂ ਅਤੇ ਕੰਬਲ ਆਦਿ ਬਣਾਉਣ ਦੀ ਸਮਰੱਥਾ ਅਤੇ ਹੋਰ ਫੌਜੀ ਸਮਾਨ ਆਦਿ ਬਣਾਉਣ ਦੀ ਵੀ ਸਮਰੱਥਾ ਰੱਖਦਾ ਹੋਵੇ।

**(III) ਕੰਮ ਕਰਨ ਦੇ ਘੰਟਿਆਂ ਵਿਚ ਵਾਧਾ (Increase in Working hours)** : ਆਮ ਤੌਰ ਤੇ ਅਮਨ ਸਮੇਂ ਸਾਡੇ ਕੰਮ ਦੋ ਘੰਟੇ ਘੱਟ ਹੁੰਦੇ ਹਨ। ਪਰ ਯੁੱਧ ਸਮੇਂ ਜੰਗੀ ਸਮਾਨ ਦੀ ਪੈਦਾਵਾਰ ਵਧਾਉਣ ਲਈ ਕੰਮ ਘੰਟੇ ਅਤੇ ਵਾਰੀਆਂ (shifts) ਵਧਾ ਦੇਣੀਆਂ ਚਾਹੀਦੀਆਂ ਹਨ।

**(IV) ਭਰਤੀ (Recruitment)** : ਜੰਗ ਸਮੇਂ ਸਾਨੂੰ ਇਕ ਵੱਡੀ ਫੌਜ ਦੀ ਸਖਤ ਲੋੜ ਹੁੰਦੀ ਹੈ। ਯੋਜਨਾਬੰਦੀ ਵਿਚ ਜ਼ਰੂਰੀ ਫੌਜੀ ਸਿੱਖਿਆ ਹੋਣੀ ਜ਼ਰੂਰੀ ਹੈ। ਕਿਸੇ ਨਾ ਕਿਸੇ ਢੰਗ ਰਾਹੀਂ ਸਾਡੇ ਨੌਜਵਾਨਾਂ ਨੂੰ ਇਸ ਯੋਗ ਬਣਾਇਆ ਜਾਵੇ ਕਿ ਯੁੱਧ ਸਮੇਂ ਅਸੀਂ ਸੈਨਾਵਾਂ ਨੂੰ ਤੇਜ਼ੀ ਨਾਲ ਵਧਾ ਸਕੀਏ। ਸਾਨੂੰ ਸੰਕਟ ਸਮੇਂ ਸਾਡੀਆਂ ਸਰਹੱਦਾਂ ਅਤੇ ਘਰੇਲੂ ਖੇਤਰ ਦੀ ਰੱਖਿਆ ਲਈ ਕੁਝ ਮਾਹਿਰ ਰਾਖਵੇਂ ਆਦਮੀ, ਦੋਵੇਂ ਸੈਨਿਕਾਂ ਅਤੇ ਅਸੈਨਿਕਾਂ, ਰੱਖਣ ਦੀ ਲੋੜ ਹੈ। ਇਹ ਵੀ ਸਿਆਣਪ ਹੋਵੇਗੀ ਜੇਕਰ ਸਾਡੇ ਕੋਲ ਅਜਿਹੇ ਨੌਜਵਾਨਾਂ ਦੀ ਸੂਚੀ ਹੋਵੇ ਜਿਹੜੇ ਸੰਕਟ ਸਮੇਂ ਸੈਨਾ ਵਿਚ ਬਿਨਾਂ ਕਿਸੇ ਦੇਰ ਤੋਂ ਸ਼ਾਮਲ ਹੋ ਸਕਣ।

**(V) ਆਵਾਜਾਈ ਅਤੇ ਸੰਚਾਰ ਦੇ ਸਾਧਨ (Transport and Communication)** : ਆਵਾਜਾਈ ਅਤੇ ਸੰਚਾਰ ਦੇ ਸਾਧਨ ਦੇਸ਼ ਲਈ ਇੰਨੀ ਮਹੱਤਤਾ ਵਾਲੇ ਹਨ ਜਿੰਨੀ ਕੀ ਸਰੀਰ ਵਿਚ ਖੂਨ ਭੇਜਣ ਲਈ ਨਾੜੀਆਂ ਮਹੱਤਤਾ ਰੱਖਦੀਆਂ ਹਨ। ਯੁੱਧ ਸਮੇਂ ਸਪਲਾਈ ਬਹੁਤ ਮਹੱਤਵਪੂਰਨ ਫਰਜ਼ ਅਦਾ ਕਰਦੀ ਹੈ। ਸਪਲਾਈ ਤੋਂ ਬਿਨਾਂ ਸੈਨਿਕ ਲੜ ਨਹੀਂ ਸਕਦੇ ਸਗੋਂ ਉਨ੍ਹਾਂ ਨੂੰ ਹਥਿਆਰਾਂ, ਗੋਲਾ ਬਾਰੂਦ, ਭੋਜਨ, ਪਾਣੀ, ਦਵਾਈਆਂ ਆਦਿ ਦੀ ਸਹਾਇਤਾ ਦੀ ਲੋੜ ਹੁੰਦੀ ਹੈ। ਜੇਕਰ ਸਪਲਾਈ ਸਾਧਨਾਂ ਦਾ ਚੰਗੀ ਤਰ੍ਹਾਂ ਪ੍ਰਬੰਧ ਨਾ ਕੀਤਾ ਜਾਵੇ ਤਦ ਯੁੱਧ ਆਪਣੇ ਆਪ ਖਤਮ ਹੋ ਜਾਵੇਗਾ। ਸੜਕਾਂ, ਹਵਾਈ ਅੱਡੇ ਅਤੇ ਸੰਚਾਰ ਦੇ ਹੋਰ ਸਾਧਨ ਬਣਾਉਣੇ ਬਹੁਤ ਜ਼ਰੂਰੀ ਹਨ।

ਉਤਪਾਦਨ ਵਿੱਚ ਸਿਰਫ਼ ਆਧੁਨਿਕ ਹਥਿਆਰ ਬਣਾਉਣਾ ਹੀ ਨਹੀਂ ਆਉਂਦਾ ਸਗੋਂ ਉਪਰ ਵਿਚਾਰੀਆਂ ਗਈਆਂ ਸਾਰੀਆਂ ਵਸਤੂਆਂ ਵੀ ਆਉਂਦੀਆਂ ਹਨ। ਉਤਪਾਦਨ ਤੋਂ ਭਾਵ ਹੈ ਉਪਯੋਗਤਾ ਵਿੱਚ ਵਾਧਾ।

ਸੋ ਜਦੋਂ ਰੱਖਿਆ ਦੇ ਉਤਪਾਦਨ ਦੀ ਯੋਜਨਾ ਬਣਾਈ ਜਾਂਦੀ ਹੈ, ਉਸ ਸਮੇਂ ਸਾਨੂੰ ਬਹੁਤ ਵੱਡੇ ਖਤਰੇ ਵਿਚ ਉਨ੍ਹਾਂ ਸਾਰੇ ਸੰਬੰਧਿਤ ਹਾਲਾਤਾਂ ਦਾ ਧਿਆਨ ਰੱਖਣਾ ਚਾਹੀਦਾ ਹੈ, ਜਿਨ੍ਹਾਂ ਦਾ ਸੰਬੰਧ ਉਤਪਾਦਨ ਨਾਲ ਹੁੰਦਾ ਹੈ।

## ਅੱਗੇ ਪੜ੍ਹਨ ਲਈ ਪੁਸਤਕਾਂ ਦਾ ਸੁਝਾਅ (**Suggested Books**)


1. Perspectives in Defence Planning by K. Subramanyam.
2. India's Quest for Security by L. J. Kavic.
3. India's Defence Problems by S. S. Khera.
4. The Economics of Defence by Richard V. Cleamence.
5. War and the Indian Economy by P.V.R. Rao.
6. The Economic of Defence in the Nuclear Age by Hitch and M.C. Kan.
7. Military Year Book 1971-72.
8. Ministry of Defence Report : 1972-73

# ਭਾਰਤੀ ਰੱਖਿਆ ਉਤਪਾਦਨ
# (India's Defence Production)

ਰੱਖਿਆ, ਉਤਪਾਦਨ ਦੇਸ਼ ਦੀ ਰੱਖਿਆ ਤਿਆਰੀ ਦਾ ਇਕ ਮਹੱਤਵਪੂਰਨ ਅੰਗ ਹੈ। ਹਥਿਆਰਾਂ ਦੀ ਕਿਸਮ ਅਤੇ ਯੋਗਤਾ, ਗੋਲੀ ਸਿੱਕਾ ਅਤੇ ਹੋਰ ਸਾਧਨ ਰੱਖਿਆ ਅਮਲੇ ਦੀ ਯੋਗਤਾ ਅਤੇ ਹੌਸਲਾ ਵਧਾਉਂਦੇ ਹਨ। ਮਸ਼ੀਨੀਕਰਨ ਨਾਲ ਹੋਈ ਤਰੱਕੀ ਕਾਰਨ ਰੱਖਿਆ ਬਲ, ਸਪਲਾਈ, ਰਾਸ਼ਨ ਅਤੇ ਹੋਰ ਮੱਦਦ ਲਈ ਰਿਜ਼ਰਵ ਫੋਰਸ ਉੱਤੇ ਜ਼ਿਆਦਾ ਨਿਰਭਰ ਕਰਨ ਲੱਗ ਪਏ ਹਨ। 'ਲੋਕ ਲੜਾਈਆਂ' (People Wars) ਜਾਂ 'ਦੇਸ਼ ਲੜਾਈਆਂ' (National Wars) ਦੇ ਸਿਧਾਂਤ ਅੱਗੇ ਆਉਣ ਕਾਰਨ 'ਪੂਰਨ ਜੰਗ' ਦੇ ਸਿਧਾਂਤ ਨੇ ਸਾਰੇ ਲੋਕਾਂ ਦੀ ਜੰਗ ਦੌਰਾਨ ਜ਼ਿੰਮੇਵਾਰੀਆਂ ਨੂੰ ਵਧਾ ਦਿੱਤਾ ਹੈ।

ਹੌਲੀ ਹੌਲੀ ਹਥਿਆਰਾਂ ਦਾ ਯੁੱਧ ਕਲਾ ਦੀ ਨੀਤੀ ਉੱਤੇ ਪ੍ਰਭਾਵ ਵੱਧ ਗਿਆ ਹੈ ਅਤੇ ਇਸ ਦੀ ਮਹੱਤਤਾ ਹੋਰ ਵੀ ਵਧਦੀ ਜਾ ਰਹੀ ਹੈ। ਹੁਣ ਵਧੇਰੀ ਸੁਯੋਗਤਾ, ਦੂਰੀ ਅਤੇ ਦਰੁਸਤੀ ਨਾਲ ਮਾਰ ਕਰਨ ਵਾਲੇ ਹਥਿਆਰਾਂ ਦੀ ਕਾਢ ਕੱਢੀ ਜਾ ਰਹੀ ਹੈ ਅਤੇ ਉਹਨਾਂ ਨੂੰ ਹੋਰ ਵੀ ਸੁਚੱਜੇ ਢੰਗ ਨਾਲ ਵਰਤੇ ਜਾਣ ਦੇ ਤਰੀਕਿਆਂ ਦੀ ਭਾਲ ਜਾਰੀ ਹੈ। ਇਸ ਦੇ ਨਾਲ ਛੋਟੇ ਅਤੇ ਵੱਡੇ ਦੇਸ਼ਾਂ ਵਿਚਕਾਰ ਹਥਿਆਰਾਂ ਦੀ ਦੌੜ ਸ਼ੁਰੂ ਹੋ ਗਈ ਹੈ।

ਪਿਛਲੇ ਕੁਝ ਸਮੇਂ ਵਿੱਚ ਵਿਗਿਆਨਿਕ ਅਤੇ ਤਕਨੀਕੀ ਕਾਮਯਾਬੀਆਂ ਨੇ ਰੱਖਿਆ ਉਤਪਾਦਨ ਵਿਚ ਆਮਦਨ ਦੇ ਸੋਮੇ ਤੋਂ ਇਲਾਵਾ ਟਕਰਾਓ ਪੈਦਾ ਕਰਨ ਵਾਲੀਆਂ ਸਥਿਤੀਆਂ ਪੈਦਾ ਕਰ ਦਿੱਤੀਆਂ ਹਨ। ਅਮੀਰ ਦੇਸ਼ਾਂ ਨੇ ਅਜਿਹੀਆਂ ਨੀਤੀਆਂ ਅਪਣਾ ਲਈਆਂ ਹਨ। ਜਿਨ੍ਹਾਂ ਕੇ ਕਾਰਨ ਪੱਛੜੇ ਹੋਏ ਦੇਸ਼ਾਂ ਵਿਚ ਆਪਸੀ ਟਕਰਾਓ ਦੀਆਂ ਸਥਿਤੀਆਂ ਪੈਦਾ ਹੋ ਗਈਆਂ ਹਨ, ਜਿਸ ਨਾਲ ਹਥਿਆਰਾਂ ਦੀ ਦੌੜ ਤੇਜ਼ ਹੋ ਗਈ ਹੈ ਅਤੇ ਜੰਗ ਦਾ ਖਤਰਾ ਹੋਰ ਵੱਧ ਗਿਆ ਹੈ। ਅੱਗੇ ਵੱਧ ਰਹੇ ਦੇਸ਼ਾਂ ਨੇ ਆਪਣੀ ਵਿਦੇਸ਼ੀ ਮੁਦਰਾ ਨੂੰ ਬਚਾਉਣ ਲਈ ਜੰਗੀ ਸਮਾਨ ਬਣਾਉਣ ਵਾਲੇ ਕਾਰਖਾਨੇ ਲਗਾ ਲਏ ਹਨ, ਬਾਵਜੂਦ ਇਸ ਗੱਲ ਦੇ ਕਿ ਉਹਨਾਂ ਨੂੰ ਤਕਨੀਕੀ ਮੁਹਾਰਤ ਹਾਸਲ ਨਹੀਂ ਹੈ। ਇਸ ਦੇ ਨਾਲ ਇਹਨਾਂ ਦੇਸ਼ਾਂ ਨੇ ਸਿੱਧੇ ਅਤੇ ਅਸਿੱਧੇ ਤੌਰ ਤੇ ਰੁਜ਼ਗਾਰ ਦੇ ਸਾਧਨ ਵੀ ਪੈਦਾ ਕਰ ਲਏ ਹਨ।

ਪੱਛੜੇ ਹੋਏ ਦੇਸ਼ਾਂ ਨੂੰ ਲੋੜੀਂਦੀ ਤਕਨੀਕੀ ਮੁਹਾਰਤ ਹਾਸਲ ਕਰਨ ਲਈ ਅਮੀਰ ਦੇਸ਼ਾਂ ਦੀਆਂ ਸਖਤ ਸ਼ਰਤਾਂ ਮੰਨਣੀਆਂ ਪੈਂਦੀਆਂ ਹਨ। ਪਰ ਇਹਨਾਂ ਦੇਸ਼ਾਂ ਨੂੰ ਕੋਈ ਹਥਿਆਰ ਅਤੇ ਪੁਰਜੇ ਬਣਾਉਣ ਲਈ ਲਾਇਸੈਂਸ ਦੇਦਿੱਤਾ ਜਾਂਦਾ ਹੈ, ਜਿਸ ਦੇ ਨਾਲ ਇਹਨਾਂ ਦੇਸ਼ਾਂ ਦੇ ਸੰਬੰਧਤ ਕਾਰਖਾਨੇ ਵੀ ਤਰੱਕੀ ਕਰਦੇ ਹਨ ਅਤੇ ਕੁਲ ਮਿਲਾ ਕੇ ਇਹਨਾਂ ਦੀ ਘਰੇਲੂ ਆਰਥਿਕ ਹਾਲਤ ਨੂੰ ਕੁਝ ਫਾਇਦਾ ਪਹੁੰਚਦਾ ਹੈ। ਭਾਰਤ ਜੋ ਕਿ ਇਕ ਅਮਨ ਪਸੰਦ ਦੇਸ਼ ਹੈ, ਹਮੇਸ਼ਾਂ ਬਚਾਉ ਦੀ ਨੀਤੀ ਤੇ ਹੀ ਨਿਰਭਰ ਰਿਹਾ ਹੈ, ਹੁਣ ਤਕ ਆਪਣੇ ਰੱਖਿਆ ਉਤਪਾਦਨ ਨੂੰ ਰੱਖਿਆ ਲੋੜਾਂ ਦੇ ਬਰਾਬਰ ਨਹੀਂ ਲਿਆ ਸਕਿਆ, ਨਾ ਹੀ ਉਸ ਮਿਕਦਾਰ ਵਿਚ ਅਤੇ ਨਾ ਹੀ ਉਸ ਕਿਸਮ ਦੇ ਦਰਜੇ ਵਿੱਚ। ਭਾਵੇਂ ਕਿ ਭਾਰਤ ਨੇ ਬੀਤੇ ਸਮਿਆਂ ਵਿਚ ਆਪਣੀਆਂ ਰੱਖਿਆ ਲੋੜਾਂ ਨੂੰ ਪੂਰਾ ਕਰਨ ਲਈ ਫੌਜੀ ਬੱਜਟ ਵਿਚ ਵਾਧਾ ਕੀਤਾ ਹੈ ਅਤੇ ਖੋਜ ਉਪਰ ਵਧੇਰਾ ਜੋਰ ਦਿੱਤਾ ਹੈ ਪਰ ਫਿਰ ਵੀ ਅਜੇ ਅਸੀਂ ਅੰਤਰ ਰਾਸ਼ਟਰੀ ਪੱਧਰ ਉਤੇ ਸਾਮਾਨ ਪੈਦਾ ਕਰਨ ਯੋਗ ਨਹੀਂ ਹੋ ਸਕੇ ਹਾਂ।

ਪ੍ਰਾਚੀਨ ਭਾਰਤੀਆਂ ਨੂੰ ਹਥਿਆਰ ਬਣਾਉਣ ਦੀ ਕਲਾ ਅਤੇ ਤਰੀਕਾ ਆਉਂਦਾ ਸੀ। ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਪਾਰਸੀ ਅਤੇ ਅਰਬੀਆਂ ਨੇ ਬਾਰੂਦ ਤਿਆਰ ਕਰਨ ਦੀ ਕਲਾ ਭਾਰਤ ਕੋਲੋਂ ਸਿੱਖੀ, ਪਰ ਭਾਰਤੀਆਂ ਨੇ ਆਪ ਇਸ ਕਲਾ ਤੋਂ ਕੋਈ ਫਾਇਦਾ ਨਾ ਉਠਾਇਆ। ਜਦੋਂ ਬਾਬਰ ਨੇ 1526

ਈ: ਵਿਚ ਭਾਰਤ ਤੇ ਹਮਲਾ ਕੀਤਾ ਤਾਂ ਉਸ ਨੇ ਪਾਨੀਪਤ ਦੀ ਪਹਿਲੀ ਲੜਾਈ ਵਿੱਚ ਬਾਰੂਦੀ ਤੋਪਾਂ ਦੀ ਵਰਤੋਂ ਕੀਤੀ। ਇਸ ਤੋਂ ਬਾਅਦ ਹੋਣ ਵਾਲੇ ਮੁਗਲ ਸਮਰਾਟਾਂ ਨੇ ਇਸ ਕਲਾ ਵਿਚ ਹੋਰ ਵਾਧਾ ਕੀਤਾ। ਅਕਬਰ ਨੇ ਇਸ ਕਲਾ ਵਿੱਚ ਬਹੁਤ ਦਿਲਚਸਪੀ ਦਿਖਾਈ ਅਤੇ ਬਹੁਤ ਕੁਸ਼ਲ ਅਤੇ ਯੋਗਤਾ ਵਾਲੀਆਂ ਨਵੀਆਂ ਤੋਪਾਂ ਤਿਆਰ ਕਰਵਾਈਆਂ। ਕਈ ਹਿੰਦੂਸਤਾਨੀ ਰਾਜਿਆਂ ਜਿਵੇਂ ਕਿ ਸ਼ਿਵਾ ਜੀ ਅਤੇ ਟੀਪੂ ਸੁਲਤਾਨ ਨੇ ਵੀ ਇਸ ਕਲਾ ਵਿਚ ਵਾਧਾ ਕਰਨ ਦਾ ਜਤਨ ਕੀਤਾ ਪਰ ਇਹਨਾਂ ਦੇ ਸੋਮੇ ਅਤੇ ਸਾਧਨ ਸੀਮਿਤ ਸਨ। ਯੂਰਪੀਅਨਾਂ ਵਿਚੋਂ ਬਰਤਾਨੀਆਂ ਨੇ ਇਸ ਉਤਪਾਦਨ ਨੂੰ ਨਵੀਂ ਸੇਧ ਦਿੱਤੀ ਪਰ ਵਿਦੇਸ਼ੀ ਤਾਕਤ ਹੋਣ ਕਾਰਣ ਇਹਨਾਂ ਦੇ ਵੀ ਸੋਮੇ ਕੁਝ ਸੀਮਿਤ ਹੀ ਸਨ। ਇਹਨਾਂ ਦੀ ਵੱਧ ਰਹੀ ਤਾਕਤ ਨੇ ਇਹਨਾਂ ਨੂੰ ਰੱਖਿਆ ਉਤਪਾਦਨ ਦੇ ਹੋਰ ਕਾਰਖਾਨੇ ਲਗਾਉਣ ਲਈ ਪ੍ਰੇਰਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹਨਾਂ ਦੀਆਂ ਮੁੱਢਲੀਆਂ ਲੋੜਾਂ ਇੰਗਲੈਂਡ ਵਿਖੇ ਸਥਿਤ ਕਾਰਖਾਨਿਆਂ ਤੋਂ ਹੀ ਪੂਰੀਆਂ ਕੀਤੀਆਂ ਜਾਂਦੀਆਂ ਸਨ। ਰੱਖਿਆ ਉਤਪਾਦਨ ਤੋਂ ਹੋਰ ਵਧੀਆ ਨਤੀਜੇ ਲੈਣ ਲਈ ਇਹਨਾਂ ਨੇ ਆਪਣੇ ਪ੍ਰਸ਼ਾਸ਼ਨੀ ਢਾਂਚੇ ਵਿੱਚ ਸੁਧਾਰ ਕੀਤਾ। ਇਸ ਗੱਲ ਦਾ ਇਥੋਂ ਪਤਾ ਲਗਦਾ ਹੈ ਕਿ 9 ਫਰਵਰੀ 1855 ਵਿੱਚ Inspector General of Ordinance and Magazines ਦੀ ਨਿਯੁਕਤੀ ਕੀਤੀ ਗਈ।

1875 ਵਿੱਚ ਕੀਤੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਉਸ ਵਕਤ ਤਿੰਨ ਤੋਪ ਫੈਕਟਰੀਆਂ ਜੋ ਕਿ ਫਤਿਹਗੜ੍ਹ (1816), ਮਦਰਾਸ ਅਤੇ ਬੰਬਈ (1810) ਵਿਖੇ ਸਥਿਤ ਸਨ, ਤਿੰਨ ਬਾਰੂਦ ਦੇ ਕਾਰਖਾਨੇ ਜੋ ਕਿ ਭਾਰਤੀ ਫੌਜ ਦੀ ਬਾਰੂਦ ਦੀ ਲੋੜ ਪੂਰੀ ਕਰਦੇ ਸਨ ਅਤੇ ਇਹ ਇੱਛਾਪੁਰ ਅਤੇ ਮਦਰਾਸ ਵਿਖੇ ਸਥਿਤ ਸਨ। ਦੋ ਕਾਰਖਾਨੇ ਛੋਟੇ ਹਥਿਆਰ ਅਤੇ ਗੋਲੀ ਸਿੱਕੇ ਵਾਸਤੇ ਸਨ, ਇਹਨਾਂ ਵਿੱਚੋਂ ਇਕ ਡਮਡਮ ਅਤੇ ਇਕ ਕਰਕੀ (ਪੂਨਾ) ਵਿਖੇ ਸੀ, ਇੱਕ ਗੋਲਾ ਫੈਕਟਰੀ (Artillery Projectiles) ਬਣਾਉਣ ਵਾਸਤੇ ਕੋਸੀਪੁਰ ਵਿਖੇ ਲਗਾਈ ਅਤੇ ਇਕ ਫੈਕਟਰੀ ਕਾਨਪੁਰ ਵਿਖੇ ਲਗਾਈ ਜਿਥੇ ਕਿ ਘੋੜਿਆਂ ਦੀਆਂ ਕਾਠੀਆਂ ਤੇ ਲਗਾਮਾਂ ਬਣਾਈਆਂ ਜਾਂਦੀਆਂ ਸਨ।

ਰੱਖਿਆ ਉਤਪਾਦਨ ਦੇ ਕਾਰਖਾਨਿਆਂ ਦੀ ਯੋਗਤਾ ਨੂੰ ਹੋਰ ਵਧਾਉਣ ਲਈ ਇਹਨਾਂ ਦਾ ਪ੍ਰਬੰਧ 'Inspector General of Ordinance' ਤੋਂ ਹਟਾ ਕੇ ਸਿੱਧਾ 'Director General of Ordinance in India' ਦੇ ਅਧੀਨ ਕਰ ਦਿੱਤਾ। ਇਸ ਸਾਲ ਹਥਿਆਰ ਬਣਾਉਣ ਲਈ ਤਕਨੀਕੀ ਪੱਖ ਤੇ ਜ਼ਿਆਦਾ ਜ਼ੋਰ ਦਿੱਤਾ ਗਿਆ। ਇਹਨਾਂ ਤੋਪਾਂ ਨੂੰ ਟੈਸਟ ਕਰਨ ਲਈ ਇਕ ਰੇਤਲੀ ਜਗ੍ਹਾ ਚੁਣੀ ਗਈ ਜੋ ਕਿ ਬੰਗਾਲ ਦੀ ਖਾੜੀ ਦੇ ਨਜ਼ਦੀਕ ਬਾਲਾਸੋਰ ਵਿਖੇ ਸੀ।

ਸਾਲ 1912 ਵਿਚ ਇਹਨਾਂ ਉਤਪਾਦਨ ਕੇਂਦਰਾਂ ਨੂੰ ਮੁੜ ਗੱਠਿਤ ਕੀਤਾ ਗਿਆ। ਇਸ ਸਕੀਮ ਅਧੀਨ ਰੱਖਿਆ ਉਤਪਾਦਨ ਨੂੰ ਤਿੰਨ ਇਕਾਈਆਂ ਵਿੱਚ ਵੰਡਿਆ ਗਿਆ। ਉਤਪਾਦਨ ਦੇ ਸਾਰੇ ਖੇਤਰਾਂ ਨੂੰ ਸਿੱਧਾ ਡਾਇਰੈਕਟਰ ਜਨਰਲ ਦੇ ਅਧੀਨ ਰੱਖਿਆ ਗਿਆ ਹਰ ਵੱਖਰੀ ਇਕਾਈ ਲਈ ਵੱਖਰਾ ਡਾਇਰੈਕਟਰ ਨਿਯੁਕਤ ਕੀਤਾ ਗਿਆ।

ਪਹਿਲੀ ਸੰਸਾਰ ਜੰਗ ਦੇ ਦੌਰਾਨ 'Indian Munition Board' ਬਣਾਇਆ ਗਿਆ, ਜਿਸ ਦੀ ਜ਼ਿੰਮੇ ਵਾਰੀ ਗੋਲੀ ਸਿੱਕੇ ਦੀ ਸੰਭਾਲ ਅਤੇ ਇਸ ਵਿੱਚ ਵਾਧਾ ਕਰਨਾ ਸੀ। ਬਾਹਰ ਬਣਾਏ ਗਏ ਅਸਲਾਖਾਨਿਆਂ ਤੋਂ ਸਿੱਧੇ ਤੌਰ ਤੇ ਹਥਿਆਰ ਸਪਲਾਈ ਕਰਨਾ ਅਤੇ ਫੌਜ ਵਾਸਤੇ ਕਪੜਾ ਮੁਹੱਈਆ ਕਰਨਾ ਇਸ ਦੇ ਅਧਿਕਾਰ ਖੇਤਰ ਅਧੀਨ ਆਉਂਦਾ ਸੀ। ਦੂਜੀ ਸੰਸਾਰ ਜੰਗ ਦੇ ਦੌਰਾਨ ਅੰਗਰੇਜ਼ਾਂ ਨੇ ਆਪਣੇ ਰੱਖਿਆ ਉਤਪਾਦਨ ਕੇਂਦਰਾਂ ਨੂੰ ਦੁਸ਼ਮਣ ਦੀ ਪਹੁੰਚ ਤੋਂ ਦੂਰ ਰੱਖਣ ਲਈ ਕੁਝ ਉਤਪਾਦਨ ਕੇਂਦਰਾਂ ਨੂੰ ਭਾਰਤ ਵਿਚ ਤਬਦੀਲ ਕੀਤਾ ਅਤੇ 1940 ਦੌਰਾਨ ਅੰਗਰੇਜ਼ਾਂ ਨੇ ਭਾਰਤ ਵਿੱਚ ਰੱਖਿਆ ਉਤਪਾਦਨ ਵਧਾਉਣ ਦੀ ਲੋੜ ਮਹਿਸੂਸ ਕੀਤੀ ਅਤੇ ਇਸ ਕੰਮ ਲਈ ਸਰ ਅਲੈਗਜੈਂਡਰ ਰੌਜਰ ਨੂੰ ਭਾਰਤ ਭੇਜਿਆ।

ਇਸ ਦੇ ਨਤੀਜੇ ਵਜੋਂ ਪੂਰਬੀ ਖੇਤਰ ਵਿਖੇ ਅਸਲਾ ਕਾਰਖਾਨੇ ਵਧਾਏ ਗਏ ਅਤੇ ਅੱਠ ਹੋਰ ਨਵੇਂ ਕਾਰਖਾਨੇ ਲਗਾਉਣ ਲਈ ਕਦਮ ਚੁੱਕੇ ਗਏ ਤਾਂ ਕਿ ਦੇਸ਼ ਵਿਚ ਛੋਟੇ ਹਥਿਆਰਾਂ, ਗੋਲੀ, ਸਿੱਕੇ ਅਤੇ ਬਾਰੂਦ ਦਾ

ਉਤਪਾਦਨ ਵਧਾਇਆ ਜਾ ਸਕੇ। ਯੁੱਧ ਖਤਮ ਹੋਣ ਤੋਂ ਬਾਅਦ ਅਸਲਾ ਕਾਰਖਾਨਿਆਂ ਦੀ ਗਿਣਤੀ ਵਧਾ ਕੇ 16 ਕਰ ਦਿੱਤੀ ਗਈ। ਰੱਖਿਆ ਉਤਪਾਦਨ ਨੂੰ ਤਰਤੀਬ ਵਾਰ ਕਰਨ ਲਈ ਇਕ ਤਕਨੀਕ ਸੰਗਠਨ ਬਣਾਇਆ ਗਿਆ ਜਿਸ ਦੀ ਜ਼ਿੰਮੇਵਾਰੀ ਰੱਖਿਆ ਉਤਪਾਦਨ ਨੂੰ ਪਰਖਣਾ ਅਤੇ ਇਹਨਾਂ ਨੂੰ ਨਵੀਂ ਸੇਧ ਦੇਣੀ ਸੀ।

ਆਜ਼ਾਦੀ ਤੋਂ ਬਾਅਦ ਇਸ ਸੰਗਠਨ ਨੇ ਦੇਸ਼ ਵਿਚ ਹੀ ਰੱਖਿਆ ਖੋਜ ਅਤੇ ਦੇਖਭਾਲ ਸੰਗਠਨ ਬਣਾਉਣ ਲਈ ਸੇਧ ਦਿੱਤੀ। ਜੋ ਅਸਲਾ ਕਾਰਖਾਨੇ ਅਤੇ ਦੇਖਭਾਲ ਇਕਾਈਆਂ ਭਾਰਤ ਨੂੰ ਵਿਰਾਸਤ ਵਿੱਚ ਮਿਲੀਆਂ, ਉਹ ਭਾਰਤ ਦੀ ਰੱਖਿਆ ਮੰਗਾਂ ਨੂੰ ਪੂਰਾ ਕਰਨ ਯੋਗ ਨਹੀਂ ਸਨ। ਆਜ਼ਾਦੀ ਤੋਂ ਬਾਅਦ ਇਸ ਵਿਚ ਜੋ ਮੁੱਖ ਤਬਦੀਲੀ ਕੀਤੀ ਗਈ ਉਹ ਇਹ ਸੀ ਕਿ ਇਸ ਵਿਭਾਗ ਨੂੰ ਸਿੱਧਾ ਰੱਖਿਆ ਮੰਤਰੀ ਨੂੰ ਸੌਂਪ ਦਿੱਤਾ ਜੋ ਕਿ ਸਿੱਧਾ ਸੰਸਦ ਨੂੰ ਜੁਆਬ ਦੇਹ ਸੀ, ਦੂਜਾ ਇਹ ਕਿ ਸੈਨਾ ਦੇ ਮੁੱਖੀ ਜੋ ਕਿ ਕਮਾਂਡਰ-ਇਨ-ਚੀਫ਼ ਦੇ ਅਧੀਨ ਸਨ, ਹੁਣ ਸਿੱਧੇ ਰੱਖਿਆ ਮੰਤਰੀ ਦੇ ਅਧੀਨ ਆ ਗਏ ਅਤੇ ਆਪਣੀ ਆਪਣੀ ਸੈਨਾ ਦੇ ਮੁੱਖੀ ਵਜੋਂ ਕੰਮ ਕਰਨ ਲੱਗੇ। ਰੱਖਿਆ ਉਤਪਾਦਨ ਅਤੇ ਰੱਖਿਆ ਖਰੀਦ ਵੀ ਹੁਣ ਰੱਖਿਆ ਮੰਤਰੀ ਦੇ ਅਧਿਕਾਰ ਖੇਤਰ ਅਧੀਨ ਆ ਗਈ। ਇਸ ਦੇ ਨਾਲ ਹੀ ਰੱਖਿਆ ਉਤਪਾਦਨ ਵਿਭਾਗ ਵੀ ਕਾਇਮ ਕੀਤਾ ਗਿਆ ਜੋ ਕਿ 'Director General of Ordinance' ਦੇ ਕੰਮ ਕਾਜ ਨੂੰ ਵੇਖਦਾ ਸੀ। ਇਸ ਤੋਂ ਇਲਾਵਾ ਹੋਰ ਵੀ ਜੋ ਕੇਂਦਰ ਅਤੇ ਸੰਗਠਨ ਰੱਖਿਆ ਅਤੇ ਰੱਖਿਆ ਉਤਪਾਦਨ ਨਾਲ ਸੰਬੰਧ ਰਖਦੇ ਸਨ ਇਸ ਵਿਭਾਗ ਦੇ ਅਧੀਨ ਆ ਗਏ। 'The Directorate of Standardization' ਅਤੇ 'Directorate of Technical Development' ਵੀ ਬਣਾਏ ਗਏ।

ਇਕ ਹੋਰ ਮਹੱਤਵਪੂਰਨ ਵਿਭਾਗ, 'Defence Research and Development Organisation DRDO' ਵੀ ਸਥਾਪਿਤ ਕੀਤਾ ਗਿਆ ਜਿਸ ਦਾ ਕੰਮ ਸੁਰੱਖਿਆ ਬਲਾਂ ਨੂੰ ਸਾਰੀਆਂ ਮਹੱਤਵਪੂਰਨ ਚੀਜ਼ਾਂ ਸਪਲਾਈ ਕਰਨਾ ਸੀ ਤਾਂ ਕਿ ਬਾਹਰਲੇ ਦੇਸ਼ਾਂ ਤੇ ਨਿਰਭਰਤਾ ਘਟਾਈ ਜਾ ਸਕੇ। DRDO ਨੂੰ 1948 ਵਿੱਚ ਰੱਖਿਆ ਵਿਗਿਆਨ ਵਜੋਂ ਸਥਾਪਿਤ ਕੀਤਾ ਗਿਆ ਸੀ। ਰਡਾਰ, ਲੜਾਕੂ ਜਹਾਜ਼ ਅਤੇ ਐਟਮੀ ਸ਼ਕਤੀ ਦੀਆਂ ਵਿਗਿਆਨਿਕ ਮੁਸ਼ਕਲਾਂ ਨੂੰ ਹੱਲ ਕਰਨ ਲਈ ਸਰਕਾਰ ਨੇ ਮੈਨਚੈਸਟਰ ਯੂਨੀਵਰਸਿਟੀ ਤੋਂ ਪ੍ਰੋ. ਬਲੈਕਟ (Prof. Blackett) ਨੂੰ ਬੁਲਾਇਆ। 1948 ਵਿੱਚ ਇਸ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਭਾਰਤ ਨੂੰ ਛੋਟੇ ਹਥਿਆਰ ਆਪ ਤਿਆਰ ਕਰਨੇ ਚਾਹੀਦੇ ਹਨ ਪਰ ਵੱਡੇ ਹਥਿਆਰ ਬਾਹਰੋਂ ਮੰਗਾਏ ਜਾਣੇ ਚਾਹੀਦੇ ਹਨ। ਉਸ ਦੀ ਸੋਚ ਸੀ ਕਿ ਭਾਰਤ ਕੋਲ ਲੋੜੀਂਦੇ ਸਾਧਨ ਨਹੀਂ ਹਨ। ਇਸ ਲਈ ਉਸ ਨੂੰ ਇਹਨਾਂ ਹਥਿਆਰਾਂ ਨੂੰ ਇਸ ਵੇਲੇ ਨਹੀਂ ਬਣਾਉਣਾ ਚਾਹੀਦਾ। ਪ੍ਰੋ. ਬਲੈਕਟ ਨੇ ਕਿਹਾ ਕਿ DRDO ਨੂੰ ਮਿਸਾਈਲਾਂ, ਲੜਾਕੂ ਜਹਾਜ਼ ਅਤੇ ਰਡਾਰਾਂ ਬਾਰੇ ਆਪ ਖੋਜ ਨਹੀਂ ਕਰਨੀ ਚਾਹੀਦੀ ਕਿਉਂਕਿ ਦੇਸ਼ ਅਜੇ ਇਸ ਲਈ ਤਿਆਰ ਨਹੀਂ ਹੈ। 1948 ਤੋਂ 1957 ਤਕ ਰੱਖਿਆ ਵਿਗਿਆਨ ਸੰਗਠਨ ਫੌਜ ਦੀ ਅੰਦਰੂਨੀ ਤੋਰ ਤੇ 1958 ਵਿੱਚ ਰੱਖਿਆ ਵਿਗਿਆਨ ਸੰਗਠਨ ਨੂੰ ਹੋਰ ਤਕਨੀਕੀ ਸੰਗਠਨਾਂ ਨਾਲ ਜੋੜ ਕੇ DRDO ਬਣਾਇਆ ਗਿਆ। ਇਸ ਨਵੇਂ ਸੰਗਠਨ ਦਾ ਪ੍ਰਸ਼ਾਸ਼ਨ ਅਲੱਗ ਸੀ ਅਤੇ 1961-62 ਵਿਚ ਇਸ ਦਾ ਅਲਗ ਬਜਟ ਵੀ ਤਿਆਰ ਕੀਤਾ ਗਿਆ, ਪਰ ਫੇਰ ਵੀ ਜ਼ਰੂਰੀ ਤਕਨੀਕੀ ਸਮਾਨ ਬਾਹਰੋਂ ਹੀ ਮੰਗਵਾਇਆ ਜਾਂਦਾ ਸੀ। 1970 ਦੇ ਦਹਾਕੇ ਵਿੱਚ ਇਸੇ ਸੰਗਠਨ ਦੇ ਅਧੀਨ ਪ੍ਰਯੋਗਸ਼ਾਲਾ ਦੀ ਗਿਣਤੀ 10 ਤੋਂ ਵੱਧ ਕੇ 35 ਹੋ ਗਈ ਅਤੇ DRDO ਉੱਚ ਤਕਨੀਕ ਦੇ ਖੇਤਰ ਵੱਲ ਵੱਧਣ ਲੱਗਿਆ। ਇਸ ਵਕਤ DRDO ਅਧੀਨ 25 ਹਜ਼ਾਰ ਸਾਇੰਸਦਾਨ 40 ਅਲੱਗ ਅਲੱਗ ਪ੍ਰਯੋਗਸ਼ਾਲਾਵਾਂ ਵਿੱਚ ਕੰਮ ਕਰ ਰਹੇ ਹਨ। 1974 ਵਿੱਚ DRDO ਨੇ ਫੈਸਲਾ ਕੀਤਾ ਕਿ ਉਹ ਆਪ ਟੈਂਕ ਬਣਾਉਣ ਵਾਸਤੇ ਡਿਜ਼ਾਇਨ ਤਿਆਰ ਕਰੇਗਾ ਅਤੇ ਪੰਜ ਸਾਲਾਂ ਵਿੱਚ ਪਹਿਲਾਂ ਟੈਂਕ ਬਣਾ ਦੇਵੇਗਾ ਪਰ ਉਹ ਇਸ ਦੇਸ਼ ਵਿਚ ਆਤਮ ਨਿਰਭਰ ਉਦਯੋਗ ਨਹੀਂ ਸੀ ਬਣਾ ਸਕਦੇ।

DRDO ਦਾ ਸਭ ਤੋਂ ਮਹੱਤਵਪੂਰਨ ਪ੍ਰਾਜੈਕਟ ਭਾਰਤੀ Main Battle Tank (MBT) ਟੈਂਕ ਅਰਜਨ

ਹੈ। ਉਮੀਦ ਕੀਤੀ ਜਾਂਦੀ ਹੈ ਕਿ ਉਹ ਭਾਰਤ ਦੇ ਪੁਰਾਣੇ ਟੈਂਕਾਂ 'ਵਿਜੰਤਾ' ਦੀ ਥਾਂ ਲੈ ਲਵੇਗਾ। ਇਸ ਦਾ ਪ੍ਰਾਜੈਕਟ 1970 ਵਿੱਚ ਸ਼ੁਰੂ ਹੋਇਆ ਸੀ।ਇਸ ਦੀ ਅਨੁਮਾਨਤ ਲਾਗਤ 280.80 ਕਰੋੜ ਸੀ। 1992-93 ਵਿੱਚ ਇਸ ਟੈਂਕ ਦਾ ਪਹਿਲਾਂ ਪਰੀਖਣ ਕੀਤਾ ਗਿਆ ਜਿਸ ਵਿਚ ਇਸ ਦਾ ਪੰਜਾਬ ਅਤੇ ਜੰਮੂ ਕਸ਼ਮੀਰ ਦੀ ਧਰਤੀ ਤੇ ਵੀ ਪ੍ਰੀਖਣ ਕੀਤਾ ਗਿਆ।

ਇਸ ਤੋਂ ਬਾਅਦ ਭਾਰਤੀ ਵਿਗਿਆਨੀਆਂ ਨੇ 1983 ਵਿੱਚ ਇਕ ਹੋਰ ਮਹੱਤਵਪੂਰਨ ਯੋਜਨਾ ਤੇ ਕੰਮ ਕਰਨਾ ਸ਼ੁਰੂ ਕੀਤਾ ਜਿਸ ਵਿੱਚ ਮਿਜ਼ਾਇਲਾਂ ਬਣਾਉਣ ਅਤੇ ਵਿਕਸਿਤ ਕਰਨ ਦਾ ਪ੍ਰੋਗਰਾਮ ਸੀ ਜਿਸ ਨੂੰ Integrated Guided Missile Development Programme (IGMDP) ਵੀ ਕਿਹਾ ਜਾਂਦਾ ਹੈ। ਇਸ ਪ੍ਰੋਗਰਾਮ ਵਿੱਚ ਧਰਤੀ ਤੋਂ ਧਰਤੀ, ਧਰਤੀ ਤੋਂ ਹਵਾ ਅਤੇ ਐਂਟੀ ਟੈਂਕ ਮਿਜ਼ਾਇਲਾਂ ਬਣਾਉਣ ਸ਼ਾਮਿਲ ਸੀ। ਧਰਤੀ ਤੋਂ ਧਰਤੀ ਤੇ ਮਾਰ ਕਰਨ ਵਾਲੀ ਮਿਜ਼ਾਇਲ 'ਪ੍ਰਿਥਵੀ' ਸੀ ਜਿਸ ਦੀ ਰੇਂਜ 150-250 ਕਿ. ਮੀ. ਤਕ ਦੀ ਹੈ। ਇਸ ਤੋਂ ਇਲਾਵਾ ਮੱਧਮ ਦੂਰੀ ਦੀ ਮਿਜ਼ਾਇਲ 'ਅਗਨੀ' ਦਾ ਵੀ ਸਫਲ ਪ੍ਰੀਖਣ ਕੀਤਾ ਗਿਆ ਹੈ ਅਤੇ ਇਸ ਨੂੰ ਸੈਨਾ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਦੀ ਮਾਰ ਸ਼ਕਤੀ 1500-2500 ਕਿ. ਮੀ. ਤਕ ਦੀ ਹੈ। ਧਰਤੀ ਤੋਂ ਹਵਾ ਵਿੱਚ ਮਾਰ ਕਰਨ ਵਾਲੀਆਂ ਮਿਜ਼ਾਇਲਾਂ ਵਿੱਚ 'ਤ੍ਰਿਸ਼ੂਲ' (500 ਮੀਟਰ ਤੋਂ 9 ਕਿ. ਮੀ.) ਅਤੇ 'ਆਕਾਸ਼' (25 ਕਿ. ਮੀ.) ਸ਼ਾਮਿਲ ਹਨ। 'ਨਾਗ' ਮਿਜ਼ਾਇਲ ਨੂੰ ਐਂਟੀ ਟੈਂਕ ਮਿਜ਼ਾਇਲ ਵਜੋਂ ਵਿਕਸਿਤ ਕੀਤਾ ਗਿਆ ਹੈ ਇਸ ਦੀ ਦੂਰੀ 4 ਕਿ. ਮੀ. ਦੀ ਹੈ।

## ਨੀਤੀ (**Policy**)

ਭਾਰਤ ਦੀ ਰੱਖਿਆ ਉਤਪਾਦਨ ਨੀਤੀ ਇਸ ਗੱਲ ਉੱਤੇ ਆਧਾਰਿਤ ਹੈ ਕਿ ਜੇ ਭਾਰਤ ਦਾ ਆਕਾਰ ਅਤੇ ਰੱਖਿਆ ਮੁਸ਼ਕਲਾਂ ਨੂੰ ਦੇਖਦੇ ਹੋਏ ਆਤਮ-ਨਿਰਭਰਤਾ ਵਾਲੀ ਨੀਤੀ ਅਪਣਾਈ ਗਈ ਤਾਂ ਲੋੜ ਪੈਣ ਤੇ ਇਹ ਕਾਰਗਰ ਨਹੀਂ ਹੋਵੇਗੀ ਅਤੇ ਦੇਸ਼ ਕਿਸੇ ਵੀ ਹਾਲਤ ਵਿੱਚ ਦੂਜੇ ਦੇਸ਼ਾਂ ਤੋਂ ਇਹ ਲੋੜਾਂ ਪੂਰੀਆਂ ਕਰਨ ਲਈ ਖਰਚ ਨਹੀਂ ਕਰ ਸਕਦਾ। ਘਰੇਲੂ ਉਤਪਾਦਨ ਦੇਸ਼ ਦੇ ਧਰਾਤਲ ਅਤੇ ਮੌਸਮ ਲਈ ਖਾਸ ਤੌਰ ਤੇ ਲਾਹੇਵੰਦ ਹੈ। ਇਹ ਦੇਸ਼ ਦੀ ਆਰਥਿਕ ਤਰੱਕੀ ਲਈ ਵੀ ਕੰਮ ਕਰੇਗਾ। ਇਹ ਵੀ ਧਿਆਨ ਵਿੱਚ ਰੱਖਿਆ ਗਿਆ ਕਿ ਕੁੱਲ ਰੱਖਿਆ ਉਤਪਾਦਨ ਦੀ ਨੀਤੀ ਅਪਣਾਉਣ ਵੇਲੇ ਇਹ ਦੇਖਿਆ ਜਾਵੇ ਕਿ ਸ਼ਾਂਤੀ ਸਮੇਂ ਵਿਚ ਸਿਖਲਾਈ ਵਾਸਤੇ ਅਤੇ ਜੰਗ ਦੌਰਾਨ ਗੋਲੀ ਸਿੱਕੇ ਦੀ ਖਪਤ ਵਿੱਚ ਕਿੰਨਾ ਅੰਤਰ ਹੈ।

ਰੱਖਿਆ ਉਤਪਾਦਨ ਇਕਾਈਆਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਉਦਯੋਗਿਕ ਉਤਪਾਦਨ ਅਤੇ ਵਿਦੇਸ਼ੀ ਮੁਦਰਾ ਬਚਾਉਣ ਵਿੱਚ ਸਫਲ ਹੋਣਗੀਆਂ। ਭਾਰਤ ਵਿਚ ਰੱਖਿਆ ਉਤਪਾਦਨ ਨੂੰ ਬਹੁਤ ਹੀ ਸਪਸ਼ਟ ਅਤੇ ਜ਼ਰੂਰੀ ਕਾਰਨਾਂ ਨੇ ਸੇਧ ਦਿੱਤੀ ਜਿਵੇਂ ਕਿ ਬਾਹਰਲੀਆਂ ਤਾਕਤਾਂ ਉੱਤੇ ਨਿਰਭਰਤਾ ਨੂੰ ਘਟਾਉਣਾ, ਵਿਦੇਸ਼ੀ ਮੁਦਰਾ ਦੀ ਬਚਤ ਕਰਨੀ, ਰੋਜ਼ਗਾਰ ਦੇ ਸਾਧਨ ਵਧਾਉਂਦੇ ਅਤੇ ਉੱਚ ਤਕਨੀਕੀ ਉਦਯੋਗਿਕ ਇਕਾਈਆਂ ਲਗਾਉਣੀਆਂ।

ਭਾਰਤ ਸਰਕਾਰ ਨੇ 1945 ਵਿਚ ਜੋ ਪਲੈਨਿੰਗ ਮੈਮੋਰੰਡਮ ਦਿੱਤਾ, ਉਸ ਵਿੱਚ ਉਹ ਤੱਥ ਸਾਫ਼ ਦਰਸਾਏ ਗਏ ਹਨ। ਉਸ ਵਿੱਚ ਇਹ ਸਾਫ ਦੱਸਿਆ ਗਿਆ ਸੀ ਕਿ ਕਿਸ ਖੇਤਰ ਵਿੱਚ ਸਿਰਫ਼ ਸਰਕਾਰੀ ਅਦਾਰੇ ਹੀ ਕੰਮ ਕਰਨਗੇ ਅਤੇ ਕਿੰਨ੍ਹਾਂ ਖੇਤਰਾਂ ਵਿੱਚ ਪ੍ਰਾਈਵੇਟ ਅਦਾਰੇ ਹਿੱਸਾ ਲੈ ਸਕਦੇ ਹਨ। ਨੀਤੀ ਦੇ ਆਧਾਰ ਤੇ ਹਥਿਆਰ ਅਤੇ ਗੋਲੀ ਸਿੱਕੇ ਦਾ ਉਤਪਾਦਨ ਸਿਰਫ਼ ਸਰਕਾਰੀ ਅਦਾਰੇ ਦੇ ਅਧੀਨ ਆਇਆ। 1945 ਅਤੇ 1948 ਦੀਆਂ ਨੀਤੀਆਂ ਦਾ ਮੁੱਢਲਾ ਆਧਾਰ ਤੇਜ਼ੀ ਨਾਲ ਆਰਥਿਕ ਤਰੱਕੀ ਅਤੇ ਬਾਹਰਲੇ ਸਾਧਨਾਂ ਉੱਤੇ ਨਿਰਭਰਤਾ ਘਟਾਉਣਾ ਸੀ।

ਭਾਰਤ ਦੀ ਉਦਯੋਗਿਕ ਨੀਤੀ ਰੇਜ਼ੂਲੇਸ਼ਨ ਦੇ ਆਧਾਰ ਤੇ ਕੁਝ ਖੇਤਰ ਸਿਰਫ਼ ਸਰਕਾਰੀ ਅਦਾਰਿਆਂ ਦੇ ਅਧੀਨ ਆ ਗਏ ਹਨ ਖਾਸ ਤੌਰ ਤੇ ਹਥਿਆਰਾਂ ਅਤੇ ਜਹਾਜ਼ ਬਣਾਉਣ ਨਾਲ ਸੰਬੰਧਿਤ ਇਕਾਈਆਂ।

ਕਿਸੇ ਵੀ ਨਿੱਜੀ ਅਦਾਰੇ ਨੂੰ ਪੂਰਾ ਜਹਾਜ਼ ਜਾਂ ਇਸ ਦਾ ਇੰਜਣ ਬਣਾਉਣ ਦੀ ਆਗਿਆ ਨਹੀਂ ਦਿੱਤੀ ਗਈ ਹੈ। ਪਰ ਇਨ੍ਹਾਂ ਚੀਜ਼ਾਂ ਦੇ ਕੁਝ ਪੁਰਜੇ ਨਿੱਜੀ ਖੇਤਰ ਬਣਾ ਸਕਦੇ ਹਨ ਤਾਂ ਕਿ ਕੰਮ ਪੂਰਾ ਕਰਨ ਲਈ ਘੱਟ ਸਮਾਂ ਲੱਗੇ ਕਿਉਂਕਿ ਜਹਾਜ਼ ਉੱਚ ਤਕਨੀਕੀ ਘੇਰੇ ਵਿੱਚ ਆ ਜਾਂਦਾ ਹੈ ਅਤੇ ਬਹੁਤ ਮਹਿੰਗਾ ਹੋਣ ਕਾਰਨ ਅਸੀਂ ਜਹਾਜ਼ ਬਾਹਰਲੇ ਦੇਸ਼ਾਂ ਤੋਂ ਨਹੀਂ ਮੰਗਾ ਸਕਦੇ। ਇਸ ਲਈ ਇਹ ਹੁਣ ਜ਼ਰੂਰੀ ਹੈ ਕਿ ਅਸੀਂ ਘਰੇਲੂ ਜਹਾਜ਼ ਉਤਪਾਦਨ ਇਕਾਈਆਂ ਨੂੰ ਹੋਰ ਮਜ਼ਬੂਤ ਕਰੀਏ ਜੋ ਕਿ ਅੱਜ ਤੋਂ 45 ਸਾਲ ਪਹਿਲਾਂ ਲਗਾਈਆਂ ਗਈਆਂ ਸਨ।

1963 ਵਿੱਚ ਇਕ ਸਕੀਮ ਬਣਾਈ ਗਈ ਜਿਸ ਵਿਚ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਕਿ ਦੇਸ਼ ਨੂੰ ਰੱਖਿਆ ਜ਼ਰੂਰਤਾਂ ਲਈ ਬਾਹਰਲੇ ਦੇਸ਼ਾਂ ਤੇ ਨਿਰਭਰਤਾ ਤੋਂ ਆਜ਼ਾਦ ਕਰਵਾਇਆ ਜਾਵੇ। ਇਸ ਸਕੀਮ ਦਾ ਦੂਜਾ ਭਾਗ ਇਹ ਸੀ ਕਿ ਉਹ ਜ਼ਰੂਰਤਾਂ ਪੂਰੀਆਂ ਕਰਨ ਲਈ ਦੇਸ਼ ਵਿਚ ਹੀ ਸਾਧਨ ਪੈਦਾ ਕੀਤੇ ਜਾਣੇ ਚਾਹੀਦੇ ਹਨ।

ਨਵੰਬਰ 1965 ਵਿੱਚ ਰੱਖਿਆ ਸਪਲਾਈ ਦਾ ਇਕ ਵਿਭਾਗ ਬਣਾਇਆ ਗਿਆ, ਜਿਸ ਦਾ ਮਕਸਦ ਹਥਿਆਰ, ਇਲੈਕਟਰੋਨਿਕਸ, ਆਵਾਜਾਈ ਦੇ ਸਾਧਨ, ਸਾਜੋ-ਸਮਾਨ, ਇੰਜੀਨੀਅਰ, ਸਟੋਰ, ਵਗੈਰਾ ਦੇ ਖੇਤਰ ਵਿੱਚ ਸਹੂਲਤਾਂ ਮੁਹੱਈਆ ਕਰਨਾ ਸੀ। ਇਸ ਦਾ ਮਕਸਦ ਉਨ੍ਹਾਂ ਸਾਧਨਾਂ ਦੀ ਪੂਰਤੀ ਕਰਨਾ ਸੀ ਜੋ ਬਾਹਰਲੇ ਦੇਸ਼ਾਂ ਨੇ ਦੇਣੇ ਬੰਦ ਕਰ ਦਿੱਤੇ ਸਨ ਅਤੇ ਜੋ ਆ ਚੁੱਕੇ ਸਨ, ਉਹਨਾਂ ਦੀ ਦੇਖ ਰੇਖ ਲਈ ਸਨ। ਇਸ ਦੇ ਨਾਲ ਘਰੇਲੂ ਉਤਪਾਦਨ ਵਿੱਚ ਵੀ ਬਹੁਤ ਸੁਧਾਰ ਹੋਇਆ।

## 1 ਆਯਾਤ-ਨਿਰਯਾਤ (Import-Export)

ਹੁਣ ਤਕ ਭਾਰਤ ਬਹੁਤ ਪੈਸਾ ਸਾਜੋ-ਸਮਾਨ ਖਰੀਦਣ ਉੱਤੇ ਹੀ ਖਰਚ ਕਰਦਾ ਸੀ, ਜ਼ਿਆਦਾਤਰ ਮਹਿੰਗਾ ਸਮਾਨ ਜਿਵੇਂ ਕਿ ਲੜਾਕੂ ਜਹਾਜ਼, ਸਮੁੰਦਰੀ ਜਹਾਜ਼, ਪਣਡੁੱਬੀਆਂ, ਟੈਂਕ, ਤੋਪਾਂ ਅਤੇ ਇਨਾਂ ਲਈ ਲੋੜੀਂਦਾ ਸਾਜੋ-ਸਮਾਨ।

1986 ਤੋਂ 1990 ਦੌਰਾਨ ਕੁੱਲ ਆਯਾਤ ਕੀਤੇ ਗਏ ਸਮਾਨ ਦਾ 73% ਹਿੱਸਾ ਸੋਵੀਅਤ ਸੰਘ ਤੋਂ ਮੰਗਾਇਆ ਗਿਆ। ਭਾਰਤ ਸੋਵੀਅਤ ਸੰਬੰਧ 1971 ਦੀ ਸੰਧੀ ਦੇ ਆਧਾਰ ਤੇ ਚਲ ਰਹੇ ਹਨ। ਭਾਰਤ ਨੂੰ ਸਭ ਦੇਸ਼ਾਂ ਨਾਲੋਂ ਵੱਧ ਸੋਵੀਅਤ ਹਥਿਆਰ ਮਿਲਦੇ ਹਨ। 1986 ਤੋਂ 1990 ਦੌਰਾਨ ਸੋਵੀਅਤ ਸੰਘ ਦੇ ਕੁੱਲ ਨਿਰਯਾਤ ਦਾ 21 ਪ੍ਰਤੀਸ਼ਤ ਹਿੱਸਾ ਭਾਰਤ ਆਇਆ। ਪਰ ਹਾਲ ਵਿਚ ਹੀ ਭਾਰਤ ਦੇ ਰਾਜ ਰੱਖਿਆ ਮੰਤਰੀ ਨੇ ਸੋਵੀਅਤ ਸੰਘ ਦਾ ਦੌਰਾ ਕੀਤਾ ਜਿਥੇ ਕਿ ਉਹ 14 ਵਿੱਚੋਂ 10 ਚੀਜ਼ਾਂ ਦੇ ਪੁਰਜ਼ੇ ਹਾਸਲ ਕਰਨ ਵਿਚ ਹੀ ਕਾਮਯਾਬ ਰਿਹਾ ਜੋ ਭਾਰਤੀ ਰੱਖਿਆ ਫੌਜਾਂ ਨੂੰ ਬਹੁਤ ਜ਼ਰੂਰੀ ਚਾਹੀਦੇ ਸਨ।

ਜੇਕਰ ਸੋਵੀਅਤ ਹਥਿਆਰਾਂ ਤੇ ਨਿਰਭਰਤਾ ਘਟਾਉਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਸਾਡੇ ਘਰੇਲੂ ਉਤਪਾਦਨ ਤੇ ਚੰਗਾ ਅਸਰ ਪਵੇਗਾ। ਜੇਕਰ ਯੋਜਨਾ ਬੱਧ ਤਰੀਕੇ ਨਾਲ ਸੋਵੀਅਤ ਹਥਿਆਰਾਂ ਉੱਤੇ ਖਰਚ ਘਟਾ ਕੇ ਰੱਖਿਆ ਖੋਜ ਉੱਤੇ ਖਰਚ ਕੀਤਾ ਜਾਵੇ ਤਾਂ ਘਰੇਲੂ ਉਤਪਾਦਨ ਵਧੇਗਾ। ਕਿਉਂਕਿ ਸਾਰਾ ਸਾਜੋ-ਸਮਾਨ ਅੰਦਰੂਨੀ ਤੌਰ ਤੇ ਤਿਆਰ ਕਰਨਾ ਲਾਹੇਵੰਦ ਹੋਵੇਗਾ। ਇਸ ਲਈ ਹਥਿਆਰ ਸੋਵੀਅਤ ਸੰਘ ਤੋਂ ਹੀ ਖਰੀਦੇ -ਜਾਣ ਅਤੇ ਵਿਚਾਰ ਵਟਾਂਦਰੇ ਨਾਲ ਖਰੀਦੇ ਜਾਂਦੇ ਹਥਿਆਰਾਂ ਦੀ ਕੀਮਤ ਘਟਾਉਣ ਦੀ ਕੋਸ਼ਿਸ਼ ਕੀਤੀ ਜਾਵੇ।

ਘਰੇਲੂ ਉਤਪਾਦਨ ਨੂੰ ਮਜ਼ਬੂਤ ਕਰਨ ਲਈ ਭਾਰਤ ਸਰਕਾਰ ਨੇ ਹਥਿਆਰ ਨਿਰਯਾਤ ਕਰਨ ਵਲ ਜ਼ਿਆਦਾ ਰੁਚੀ ਨਹੀਂ ਵਿਖਾਈ। 1978-1979 ਵਿੱਚ ਸਰਕਾਰ ਨੂੰ ਉਸ ਸਮੇਂ ਬਹੁਤ ਗੁੰਝਲਦਾਰ ਸਥਿਤੀ ਦਾ ਸਾਹਮਣਾ ਕਰਨਾ ਪਿਆ ਜਦੋਂ ਜੋਰਡਨ ਅਤੇ ਸਪੇਨ ਵਿਖੇ ਸਥਿਤ ਦਲਾਲਾਂ ਵਲੋਂ ***80*** Centurion ਟੈਂਕ ਦੱਖਣੀ ਅਫਰੀਕਾ ਨੂੰ ਵੇਚੇ ਜਾਣ ਦੀ ਖਬਰ ਮਿਲੀ।

1971–85 ਦੌਰਾਨ ਭਾਰਤ ਨੇ ਕੁਝ ਰੱਖਿਆ ਕਿਸ਼ਤੀਆਂ ਬੰਗਲਾ ਦੇਸ਼ ਅਤੇ ਮੋਰੀਸ਼ਿਸ਼ Alouette ਹੈਲੀਕਾਪਟਰ ਬੰਗਲਾ ਦੇਸ਼, ਇਥੋਪੀਆਂ, ਲਾਈਬੇਰੀਆ ਨੂੰ ਨੇਪਾਲ ਨੂੰ ਪੁਰਾਣੇ AN-12 Olter ਅਤੇ Carribian ਜਹਾਜ਼; ਬੰਗਲਾ ਦੇਸ਼ ਨੂੰ HIT-16 Kiran ਸਿਖਲਾਈ ਜਹਾਜ਼, HIT-34 ਸਿਖਲਾਈ ਜਹਾਜ਼ ਘਾਨਾ ਨੂੰ, ਪੁਰਾਣੀਆਂ 105 ਤੋਪਾਂ ਬੰਗਲਾ ਦੇਸ਼ ਨੂੰ ਵੇਚੀਆਂ। ਇਸ ਤੋਂ ਇਲਾਵਾ, ਜੋਰਡਨ, ਲਿਬਨਾਨ, ਮਲੇਸ਼ੀਆ, ਨਾਈਜ਼ੀਰੀਆ ਅਤੇ ਉਮਾਨ ਨੂੰ ਛੋਟੇ ਹਥਿਆਰ ਅਤੇ ਗੋਲੀ ਸਿੱਕਾ ਵੇਚੇ।

1983 ਵਿੱਚ ਸਰਕਾਰ ਨੇ ਵੱਡੀ ਪੱਧਰ ਉੱਤੇ ਹਥਿਆਰ ਨਿਰਯਾਤ ਕਰਨ ਦਾ ਵਿਚਾਰ ਬਣਾਇਆ ਲੇਕਿਨ ਹਥਿਆਰ ਨਿਰਯਾਤ ਕਰਨ ਵਿਰੋਧੀ ਨੀਤੀਆਂ, ਪੱਛੜੀ ਤਕਨੀਕ ਅਤੇ ਘੱਟ ਉਤਪਾਦਨ ਕਾਰਨ ਅਸਲੀ ਜਾਮਾ ਨਾ ਪਹਿਨ ਸਕੇ। 1989 ਵਿੱਚ ਰੱਖਿਆ ਮੰਤਰੀ ਕੇ. ਸੀ., ਪੰਤ ਨੇ 1989–90 ਵਿੱਚ ਹਜ਼ਾਰ ਕਰੋੜ ਰੁਪਏ ਦੇ ਹਥਿਆਰ ਵੇਚਣ ਦਾ ਟੀਚਾ ਰਖਿਆ ਪਰ 1990–91 ਤਕ ਸਿਰਫ 79 ਕਰੋੜ ਦੇ ਹਥਿਆਰ ਹੀ ਵੇ ਚੇ ਜਾ ਸਕੇ।

1991–92 ਵਾਸਤੇ 120 ਕਰੋੜ ਰੁਪਏ ਦਾ ਟੀਚਾ ਰਖਿਆ ਗਿਆ ਸੀ। ਅਗਸਤ ਦੇ ਸ਼ੁਰੂ ਵਿੱਚ ਇਕ ਉੱਚ ਪੱਧਰੀ ਟੀਮ ਰੱਖਿਆ ਮੰਤਰੀ ਸ਼ਰਦ ਪਵਾਰ ਨੂੰ ਮਿਲੀ ਅਤੇ ਉਹਨਾਂ ਨੂੰ ਕਿਹਾ ਕਿ ਅਜਿਹੀ ਸਥਿਤੀ ਬਣਾਈ ਜਾਵੇ ਤਾਂ ਜੋ ਨਿੱਜੀ ਅਦਾਰੇ ਵੀ ਰੱਖਿਆ ਉਤਪਾਦਨ ਦੇ ਖੇਤਰ ਵਿਚ ਹਿੱਸਾ ਲੈ ਸਕਣ। ਉਹਨਾਂ ਨੇ ਇਕ ਛੋਟੇ ਸਮੇਂ ਦੀ ਸਕੀਮ ਦਿੱਤੀ ਜਿਸ ਨਾਲ ਸਾਲ ਦੇ ਅੰਦਰ ਅੰਦਰ ਨਤੀਜੇ ਆਉਣੇ ਸ਼ੁਰੂ ਹੋ ਜਾਣਗੇ।

## 2. ਅਸਲਾ (Ordinance Factories)

1947 ਵਿੱਚ ਦੇਸ਼ ਵਿਚ ਕੁਲ 16 ਅਸਲਾ ਕਾਰਖਾਨੇ ਸਨ ਜਿਨ੍ਹਾਂ ਦੀ ਗਿਣਤੀ ਹੁਣ 40 ਹੋ ਗਈ ਹੈ ਅਤੇ ਇਹ 800 ਵਸਤਾਂ ਬਣਾਉਂਦੇ ਹਨ ਜਿਵੇਂ ਕਿ ਹਥਿਆਰ, ਗੋਲੀ, ਸਿੱਕਾ, ਕੱਪੜੇ, ਆਵਾਜਾਈ ਦੇ ਸਾਧਨ ਵਗੈਰਾ। ਇਹਨਾਂ ਉਤਪਾਦਨਾਂ ਦੀ ਸੂਚੀ ਬਹੁਤ ਲੰਬੀ ਹੈ। ਅਸਲਾ ਕਾਰਖਾਨਿਆਂ ਦੇ ਨਾਲ ਨਾਲ 'Defence Public Sector Units-DPSU' ਹਨ। ਇਹ ਰੱਖਿਆ ਮੰਤਰਾਲੇ ਦੇ ਅਧੀਨ ਆਉਂਦੇ ਹਨ। 1960–70 ਦੌਰਾਨ ਘਰੇਲੂ ਉਤਪਾਦਨ ਦੇ ਜ਼ੋਰ ਦੇਣ ਦੇ ਕਾਰਨ DPSU's ਦੀ ਗਿਣਤੀ 8 ਹੋ ਗਈ ਹੈ। 1980 ਤੋਂ ਬਾਅਦ ਉੱਚ ਤਕਨੀਕੀ ਸਾਜੋ-ਸਮਾਨ ਇਥੇ ਬਣਨ ਲੱਗਾ। ਇਹਨਾਂ ਦਾ ਮਕਸਦ ਦੇਸ਼ ਨੂੰ ਆਤਮ ਨਿਰਭਰ ਬਣਾਉਣ ਦੇ ਨਾਲ ਨਾਲ ਸਮੇਂ ਦੀ ਲੋੜ ਮੁਤਾਬਕ ਹੋਰ ਦੇਸ਼ਾਂ ਦੇ ਬਰਾਬਰ ਲਿਆਉਣਾ ਹੈ।

1979 ਵਿੱਚ ਇਕ ਕਮੇਟੀ ਬਣਾਈ ਗਈ ਜਿਸ ਦੀ ਸਿਫਾਰਸ਼ ਤੇ Ordinance Factories Board-OFB ਬਣਾਇਆ ਗਿਆ ਜਿਸ ਦਾ ਕੰਮ ਰੁਕਾਵਟਾਂ ਦੂਰ ਕਰਨਾ ਅਤੇ ਕਾਰਜ ਕੁਸ਼ਲਤਾ ਵਧਾਉਣਾ ਸੀ। 1950 ਦੇ ਦਹਾਕੇ ਵਿੱਚ ਜਹਾਜ਼ਾਂ ਦਾ ਉਤਪਾਦਨ ਲਾਇਸੈਂਸ ਲੈ ਕੇ ਘਰੇਲੂ ਤੌਰ ਤੇ ਸ਼ੁਰੂ ਕਰ ਦਿੱਤਾ ਸੀ। ਪਰ ਫਿਰ ਵੀ ਇੰਜਣ ਪੁਰਜੇ ਬਾਹਰ ਤੋਂ ਹੀ ਮੰਗਾਏ ਜਾਂਦੇ ਹਨ। ਲੜਾਕੂ ਸਮੁੰਦਰੀ ਜਹਾਜ਼ਾਂ ਵਾਸਤੇ ਵੀ ਉੱਚ ਤਕਨੀਕੀ ਅਤੇ ਕੀਮਤੀ ਸਮਾਨ ਬਾਹਰੋਂ ਹੀ ਮੰਗਵਾਇਆ ਜਾਂਦਾ ਹੈ। 1990–91 ਦੌਰਾਨ ਅਸਲਾ ਕਾਰਖਾਨਿਆਂ ਨੇ 2570 ਕਰੋੜ ਰੁਪਏ ਦਾ ਸਮਾਨ ਤਿਆਰ ਕੀਤਾ ਅਤੇ DPSU's ਨੇ 3053 ਕਰੋੜ ਰੁਪਏ ਦਾ ਸਮਾਨ ਤਿਆਰ ਕੀਤਾ।

ਅਸਲਾ ਕਾਰਖਾਨਿਆਂ ਨੇ 1960 ਦੌਰਾਨ ਟੈਂਕ ਘਰੇਲੂ ਤੌਰ ਤੇ 'Vickers England' ਤੋਂ ਲਾਇਸੈਂਸ ਲੈ ਕੇ ਬਣਾਉਣੇ ਸ਼ੁਰੂ ਕਰ ਕੀਤੇ ਪਰ ਇਹਨਾਂ ਵਾਸਤੇ ਗੋਲੀ ਸਿੱਕਾ ਬਾਹਰੋਂ ਹੀ ਆਉਂਦਾ ਰਿਹਾ ਕਿਉਂਕਿ ਦੇਸ਼ ਵਿੱਚ ਪਹਿਲੀ ਵਾਰ ਟੈਂਕ ਬਣਾਏ ਗਏ ਸਨ। ਇਸ ਲਈ ਬਹੁਤ ਮੁਸ਼ਕਲਾਂ ਪੇਸ਼ ਆਈਆਂ ਪਰ ਫੇ ਰ ਇਕ ਟੈਂਕ ਨੂੰ ਬਦਲ ਕੇ 'Vijayanta' ਬਣਾਇਆ, ਜਿਸਨੇ ਲੜਾਈ ਵਿੱਚ ਅਸਰਦਾਰ ਕੰਮ ਕੀਤਾ। ਅੰਤਰਰਾਸ਼ਟਰੀ ਅਤੇ ਇਲਾਕਾਈ ਹਾਲਤਾਂ ਨੂੰ ਦੇਖਦੇ ਹੋਏ ਟੈਂਕ ਵਿੱਚ ਤਬਦੀਲੀਆਂ ਕਰਨੀਆਂ ਪਈਆਂ

ਅਤੇ ਹੁਣ ਜੋ 'Main Battle Tank-MBT (ARJUN) ਘਰੇਲੂ ਤੌਰ ਤੇ ਬਣਾਇਆ ਗਿਆ ਹੈ ਉਹ ਦੁਨੀਆਂ ਦੇ ਚੰਗੇ ਟੈਂਕਾਂ ਵਿੱਚੋਂ ਹੈ। ਛੇਤੀ ਇਹਨਾਂ ਟੈਂਕਾਂ ਦੀ ਵੱਡੀ ਮਾਤਰਾ ਵਿੱਚ ਪੈਦਾਵਾਰ ਸ਼ੁਰੂ ਹੋ ਜਾਵੇ ਗੀ।

### 3. ਡੀਫੈਂਸ ਪਬਲਿਕ ਸੈਕਟਰ ਯੂਨਿਟ (**Defence Public Sector Units**)

### (I) ਹਿੰਦੁਸਤਾਨ ਜਹਾਜ਼ਰਾਨੀ ਲਿਮਟਿਡ, ਬੰਗਲੌਰ (**Hindustan Aeronautics Limited, Banglore**)

ਹਿੰਦੁਸਤਾਨ ਏਅਰਕਰਾਫ਼ਟ ਲਿ. ਬੰਗਲੌਰ ਵਿਖੇ 23 ਦਸੰਬਰ 1940 ਵਿੱਚ ਬਾਲ ਚੰਦ, ਹੀਰਾ ਚੰਦ ਅਤੇ ਮੈਸੂਰ ਦੀ ਸਰਕਾਰ ਨੇ ਮਿਲ ਕੇ ਲਾਈ।

1942 ਵਿਚ HAL ਨੂੰ ਭਾਰਤ ਸਰਕਾਰ ਨੇ ਆਪਣੇ ਅਧੀਨ ਕਰ ਲਿਆ। ਪਰ ਜੁਲਾਈ 1942 ਵਿੱਚ ਇਹ ਨੀਤੀ ਬਦਲ ਦਿੱਤੀ ਗਈ ਅਤੇ ਇਥੇ ਜਹਾਜ਼ਾਂ ਅਤੇ ਇੰਜਣਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ। 1946 ਵਿੱਚ ਇੰਗਲੈਂਡ ਤੋਂ ਇਕ ਤਕਨੀਕੀ ਮਿਸ਼ਨ ਆਇਆ ਜਿਸ ਦਾ ਮਕਸਦ ਭਾਰਤ ਸਰਕਾਰ ਨੂੰ ਜਹਾਜ਼ ਫੈਕਟਰੀ ਵਾਸਤੇ ਸਲਾਹ ਦੇਣਾ ਸੀ ਅਤੇ ਉਹਨਾਂ ਨੇ ਇਸ ਨੂੰ ਸਭ ਤੋਂ ਵਧੀਆ ਕੇਂਦਰ ਦੱਸਿਆ।

HAL ਵਿਖੇ ਜ਼ਿਆਦਾਤਰ ਕੰਮ ਹਵਾਈ ਸੈਨਾ ਦਾ ਹੀ ਕੀਤਾ ਜਾਂਦਾ ਸੀ। ਹਵਾਈ ਸੈਨਾਂ ਦੇ ਵਧਣ ਕਾਰਣ HAL ਨੂੰ ਰੱਖਿਆ ਮੰਤਰਾਲੇ ਦੇ ਅਧੀਨ ਕਰ ਦਿੱਤਾ। ਪਹਿਲੇ ਦੋ HF-24 ਜਹਾਜ ਜੋ ਕਿ HAL ਵਿਖੇ ਬਣਾਏ ਗਏ, ਮਈ 1964 ਵਿੱਚ ਹਵਾਈ ਸੈਨਾ ਨੂੰ ਸੌਂਪ ਦਿੱਤੇ ਗਏ। ਮੁੱਢਲੇ ਸਿਖਲਾਈ ਦੇਣ ਵਾਲੇ ਜਹਾਜ ਨੇ ਪਹਿਲੀ ਉਡਾਣ ਦਸੰਬਰ 1964 ਵਿੱਚ ਭਰੀ ਜਿਸਦਾ ਨਾਮ 'ਕਿਰਨ' ਸੀ।

ਸਰਕਾਰ ਨੇ ਸੋਵੀਅਤ ਸੰਘ ਤੋਂ ਲਾਇਸੈਂਸ ਲੈ ਕੇ MIG-1 ਲੜਾਕੇ ਜਹਾਜ਼ ਬਣਾਉਣ ਲਈ ਤਿੰਨ ਫੈਕਟਰੀਆਂ ਲਗਾਉਣ ਦੀ ਯੋਜਨਾ ਬਣਾਈ। ਪਹਿਲੀ ਨਾਸਿਕ ਵਿਖੇ, ਦੂਜੀ ਕੋਹਲਾਪੁਰ, ਜਿਥੇ ਇੰਜਣ ਤਿਆਰ ਕੀਤਾ ਜਾਂਦਾ ਸੀ, ਤੀਜੀ ਹੈਦਰਾਬਾਦ ਵਿਖੇ ਜਿਥੇ ਬਿਜਲੀ ਦੇ ਹੋਰ ਜੰਤਰ ਤਿਆਰ ਕੀਤੇ ਜਾਂਦੇ ਹਨ। 1963 ਵਿੱਚ ਇਕ ਹੋਰ ਕੰਪਨੀ ਸਥਾਪਤ ਕੀਤੀ ਗਈ ਜਿਸ ਦਾ ਨਾਂ 'Aeronautics India Limited' ਸੀ। ਇਸ ਦਾ ਕੰਮ ਉਪਰ ਲਿਖੀਆਂ ਫੈਕਟਰੀਆਂ ਨੂੰ ਸਥਾਪਤ ਕਰਨਾ ਅਤੇ ਚਲਾਉਣਾ ਸੀ ਅਤੇ ਇਸ ਦਾ ਬਜਟ 25 ਕਰੋੜ ਰੁਪਏ ਸੀ।

1964 ਵਿੱਚ ਇਹ ਫੈਸਲਾ ਕੀਤਾ ਗਿਆ ਕਿ ਜਹਾਜ਼ ਤੇ ਇਸ ਨਾਲ ਸੰਬੰਧਿਤ ਪੁਰਜੇ ਬਣਾਉਣ ਦਾ ਕੰਮ ਕਿਸੇ ਇਕ ਸਰਕਾਰੀ ਅਦਾਰੇ ਨੂੰ ਸੌਂਪਿਆ ਜਾਵੇ। ਇਸ ਲਈ HAL ਅਤੇ Aeronautics India Limited ਨੂੰ ਇਕੱਠੇ ਕਰਕੇ Hindustan Aeronautic Ltd. ਬਣਾ ਦਿੱਤਾ ਤੇ ਇਸ ਦਾ ਕੰਮ ਕਾਜ 1 ਅਕਤੂਬਰ 1964 ਤੋਂ ਸ਼ੁਰੂ ਹੋ ਗਿਆ।

HAL ਦਾ ਉਤਪਾਦਨ ਵਧਾਉਣ ਲਈ ਸਭ ਤੋਂ ਵੱਡਾ ਕਦਮ ਉਦੋਂ ਚੁੱਕਿਆ ਗਿਆ ਜਦੋਂ ਇਥੇ MIG-21 Interceptor Aircraft ਬਣਾਉਣ ਦਾ ਫੈਸਲਾ ਕੀਤਾ। ਹੁਣ ਤਕ ਉਤਪਾਦਨ ਪੂਰੇ ਜ਼ੋਰ ਨਾਲ ਸ਼ੁਰੂ ਹੋ ਗਿਆ ਸੀ ਅਤੇ MIG-21 ਦੀ ਇਕ ਸੁਧਰੀ ਹੋਈ ਕਿਸਮ ਤਿਆਰ ਕੀਤੀ ਇਸ ਤੋਂ ਵੀ ਸੁਧਰੀ ਕਿਸਮ MIG-21 BIS, MIG-17 ਤਿਆਰ ਕੀਤੀ MIG's ਤੋਂ ਇਲਾਵਾ HAL ਵਿਖੇ Alouette-III (Check) ਅਤੇ SA-315 (Chetak) ਹੈਲੀਕਾਪਟਰ ਅਤੇ Artouste ਇੰਜਣ ਤਿਆਰ ਕੀਤੇ ਗਏ HAL ਨੇ ਇਕ ਚਾਲਕ ਤੋਂ ਬਿਨਾਂ ਚੱਲਣ ਵਾਲਾ ਜਹਾਜ਼ ਤਿਆਰ ਕੀਤਾ ਜਿਸ ਨੇ ਕਿ 28 ਜੁਲਾਈ 1983 ਨੂੰ ਸਫਲਤਾ ਪੂਰਵਕ ਉਡਾਣ ਭਰੀ। ਹੁਣ ਹਲਕੇ ਲੜਾਕੂ ਜਹਾਜ਼ ਬਣਾਉਣ ਦੀ ਸਕੀਮ ਵਿਚਾਰ ਅਧੀਨ ਹੈ।

ਹਾਲਾਂ ਕਿ HAL ਸਾਡੀ ਫੌਜਾਂ ਦੀਆਂ ਲੋੜਾਂ ਅਤੇ ਜ਼ਰੂਰਤਾਂ ਇਕੱਲੇ ਤੌਰ ਤੇ ਪੂਰੀਆਂ ਨਹੀਂ ਕਰ ਸਕਦੀ। ਪਰ ਫੇਰ ਵੀ ਇਸ ਨੇ ਪਿਛਲੇ 50 ਸਾਲਾਂ ਵਿੱਚ ਬਹੁਤ ਸਫਲਤਾ ਹਾਸਲ ਕੀਤੀ ਹੈ।

## (II) ਭਾਰਤ-ਇਲੈਕਟਰੋਨਿਕਸ ਲਿਮਟਿਡ, ਬੰਗਲੌਰ (**Bharat Electronics Limited, Banglore**)

ਸ਼ੁਰੂ ਵਿੱਚ ਰੱਖਿਆ ਫੌਜਾਂ ਨੂੰ ਲੋੜੀਂਦੇ ਖਾਸ ਸਾਜੋ-ਸਮਾਨ ਨੂੰ ਬਾਹਰੋਂ ਹੀ ਆਯਾਤ ਕੀਤਾ ਜਾਂਦਾ ਸੀ। ਇਹਨਾਂ ਵਿੱਚੋਂ ਇਕ ਕਿਸਮ ਸਿਗਨਲ ਸਟੋਰ ਸੀ। ਇਸ ਕਮੀ ਨੂੰ ਪੂਰੀ ਕਰਨ ਲਈ ਸਰਕਾਰ ਨੇ ਇਕ ਫਰਾਂਸੀਸੀ ਕੰਪਨੀ ਨਾਲ 10 ਸਾਲਾਂ ਸਮਝੋਤਾ ਕੀਤਾ। ਦਸੰਬਰ 1952 ਵਿਚ ਇਸ ਕਾਰਖਾਨੇ ਵਿੱਚ ਰੇਡੀਓ, ਰਡਾਰ, ਇਲੈਕਟਰੋਨਿਕ ਜੰਤਰ, ਰੱਖਿਆ ਫੌਜਾਂ ਵਾਸਤੇ ਅਤੇ ਹੋਰ ਸਰਕਾਰੀ ਅਦਾਰਿਆਂ ਵਾਸਤੇ ਤਿਆਰ ਕਰਨੇ ਸ਼ੁਰੂ ਕੀਤੇ। BEL, 21 ਅਪ੍ਰੈਲ 1954 ਨੂੰ ਰਜਿਸਟਰਡ ਹੋਈ ਅਤੇ ਦਸੰਬਰ 1955 ਵਿੱਚ ਕੰਮ ਸ਼ੁਰੂ ਹੋ ਗਿਆ ਇਸ ਦਾ ਬਜਟ 10 ਕਰੋੜ ਸੀ।

BEL ਨੇ ਕਈ ਤਰ੍ਹਾਂ ਦੇ ਜੰਤਰਾਂ ਦੇ ਨਮੂਨੇ ਆਪਣੇ ਆਪ ਤਿਆਰ ਕੀਤੇ ਜਿਨ੍ਹਾਂ ਦਾ ਉਤਪਾਦਨ ਹੁਣ ਸ਼ੁਰੂ ਹੋ ਗਿਆ ਅਤੇ ਸੁਰੱਖਿਆ ਬਲਾਂ, ਸਰਕਾਰੀ ਅਦਾਰਿਆਂ ਅਤੇ ਆਮ ਜਨਤਾ ਨੂੰ ਸਪਲਾਈ ਕੀਤੇ ਜਾਂਦੇ ਹਨ।

## (III) ਮਜਗਾਉਂ ਡੋਕ ਲਿਮਟਿਡ ਬੰਬਈ (**Mazagon Dock Limited Bombay**)

MDL ਦੀ ਸਥਾਪਨਾ ਕੰਪਨੀ ਐਕਟ 1934 ਅਧੀਨ 'British India Steam Navigation Company' ਅਤੇ England Pennisular and Oriental Steam Company' ਵਿਚਕਾਰ ਹਿੱਸੇ ਦਾਰ ਦੇ ਤੌਰ ਤੇ ਸ਼ੁਰੂ ਹੋਈ। ਇਥੇ ਸਮੁੰਦਰੀ ਜਹਾਜ਼ ਬਣਾਏ ਜਾਂਦੇ ਸਨ ਅਤੇ ਉਹਨਾਂ ਦੀ ਮੁਰੰਮਤ ਕੀਤੀ ਜਾਂਦੀ ਸੀ। 1960 ਵਿੱਚ ਜਦੋਂ ਸਮੁੰਦਰੀ ਬੇੜੇ ਵਧਾਏ ਗਏ ਤਾਂ ਉਹਨਾਂ ਦੀ ਦੇਖਭਾਲ ਲਈ ਬੰਦਰਗਾਹਾਂ ਉੱਤੇ ਮੰਤਰਾਲੇ ਦੀਆਂ ਸਹੂਲਤਾਂ ਵੀ ਵਧਾਈਆਂ ਗਈਆਂ ਇਸ ਲਈ MDL ਨੂੰ ਰੱਖਿਆ ਮੰਤਰਾਲੇ ਅਧੀਨ ਲਿਆਂਦਾ ਗਿਆ। ਸਭ ਤੋਂ ਵੱਡਾ ਸਮੁੰਦਰੀ ਜਹਾਜ਼ ਜੋ ਇਥੇ ਬਣਾਇਆ ਗਿਆ ਉਸ ਦਾ ਨਾਂ 'Yerewa' ਸੀ।ਇਸ ਉੱਤੇ 1500 ਮੁਸਾਫਰ ਅਤੇ ਸਮਾਨ ਲਿਜਾਇਆ ਜਾ ਸਕਦਾ ਸੀ। ਇਹ ਅੰਡੇਮਾਨ ਟਾਪੂ ਤੇ ਜਾਣ ਵਾਸਤੇ ਬਣਾਇਆ ਗਿਆ। MDL ਨੂੰ ਹੋਰ ਵਧਾਉਣ ਲਈ 3.5 ਕਰੋੜ ਰੁਪਏ ਦਿੱਤੇ ਗਏ। ਇੰਗਲੈਂਡ ਦੀ ਇਕ ਕੰਪਨੀ ਨਾਲ ਸਮਝੌਤੇ ਅਧੀਨ ਇਥੇ 'Frigate' ਵੀ ਬਣਾਉਣੇ ਸ਼ੁਰੂ ਕੀਤੇ ਅਤੇ ਪਹਿਲਾਂ 'Frigate' 1971 ਵਿਚ ਮੁਕੰਮਲ ਕੀਤਾ ਗਿਆ। MDL ਨੂੰ ਭਾਰਤੀ ਕੁਦਰਤੀ ਗੈਸ ਅਤੇ ਤੇ ਲ ਕਮਿਸ਼ਨ ਵਲੋਂ ਸਮੁੰਦਰ ਵਿਚੋਂ ਤੇਲ ਕੱਢਣ ਲਈ ਦੋ RIGS ਆਰਡਰ ਮਿਲਿਆ। ਪਹਿਲਾਂ RIG 1985 ਵਿੱਚ ਮੁਕੰਮਲ ਹੋ ਗਿਆ।

ਸਾਡੇ ਦੇਸ਼ ਦੀ ਸਮੁੰਦਰੀ ਜਹਾਜ਼ ਬਣਾਉਣ ਦੀ ਨੀਤੀ ਵਿੱਚ ਮੁਸ਼ਕਲ ਇਹ ਸੀ ਕਿ 1960 ਦੌਰਾਨ ਕੁਝ ਪਣਡੁੱਬੀਆਂ ਆਯਾਤ ਕੀਤੀਆਂ ਗਈਆਂ ਪਰ ਇਹਨਾਂ ਨੂੰ ਘਰੇਲੂ ਤੌਰ ਤੇ ਤਿਆਰ ਕਰਨ ਵਿੱਚ ਕੋਈ ਖਾਸ ਕਾਮਯਾਬੀ ਨਾ ਮਿਲੀ। ਹੁਣ ਸਮਾਂ ਹੈ ਕਿ ਸਾਨੂੰ ਪ੍ਰਮਾਣੂ ਪਣਡੁੱਬੀਆਂ ਬਣਾਉਣੀਆਂ ਚਾਹੀਦੀਆਂ ਹਨ। MDL ਨੇ ਪਿਛਲੇ 25 ਸਾਲਾਂ ਵਿੱਚ ਸਿਰਫ 11 ਵੱਡੇ ਲੜਾਕੇ ਜਹਾਜ਼ ਬਣਾਏ ਹਨ ਅਤੇ ਜੋ ਤਿੰਨ ਵੱਡੇ ਕਾਰਖਾਨੇ ਹਨ ਉਹੀ ਸੰਨ 2000 ਤਕ ਸਿਰਫ਼ 6-7 ਜਹਾਜ਼ ਹੀ ਹੋਰ ਬਣਾ ਸਕਦੇ ਹਨ।

## (IV) ਗਾਰਡਨ ਰੀਚ ਵਰਕਸ਼ਾਪ ਲਿਮਟਿਡ, ਕੋਲਕੱਤਾ (**Garden Reach Workshop Limited, Kolkata**)

ਇਹ ਕੰਪਨੀ ਵੀ ਕੰਪਨੀ ਐਕਟ 1934 ਅਧੀਨ ਹੋਂਦ ਵਿਚ ਆਈ ਅਤੇ 19 ਅਪ੍ਰੈਲ 1960 ਨੂੰ ਭਾਰਤੀ ਸਰਕਾਰ ਨੇ ਰੱਖਿਆ ਮੰਤਰਾਲੇ ਅਧੀਨ ਲੈ ਲਿਆ। ਇਸ ਕੰਪਨੀ ਨੇ ਇੰਗਲੈਂਡ, ਪੱਛਮੀ ਜਰਮਨੀ, ਹੋਲੈਂਡ ਅਤੇ ਜਾਪਾਨ ਦੀਆਂ ਮਸ਼ਹੂਰ ਕੰਪਨੀਆਂ ਨਾਲ ਸਮਝੌਤਾ ਕਰਕੇ ਕੰਮ ਸ਼ੁਰੂ ਕੀਤਾ। ਇਥੇ ਛੋਟੀਆਂ ਕਿਸ਼ਤੀਆਂ ਜਿਵੇਂ ਕਿ Tugs, Water boat, Light Naval Craft ਅਤੇ Bariges ਵਗੈਰਾ ਬਣਾਏ ਜਾਂਦੇ ਸਨ। ਇਸ ਕੰਪਨੀ ਨੇ ਜਪਾਨ ਦੀ ਇਕ ਕੰਪਨੀ ਨਾਲ ਮਿਲਕੇ 'Portable Air Compressor'

ਵੀ ਬਣਾਏ। ਜਰਮਨ ਦੀ 'Messers MAN' ਕੰਪਨੀ ਨਾਲ ਸਮਝੌਤੇ ਅਧੀਨ ਪਾਣੀ ਜਹਾਜ਼ਾਂ ਲਈ ਡੀਜ਼ਲ ਇੰਜਣ ਵੀ ਤਿਆਰ ਕੀਤੇ।

### (V) ਭਾਰਤ ਅਰਥ ਮੂਵਰਜ਼ ਲਿਮਟਿਡ ਬੰਗਲੌਰ (Bharat Earth Movers Limited, Banglore)

ਰੱਖਿਆ ਸੈਨਾਵਾਂ ਦੀ ਭਾਰੀ ਵਾਹਨਾਂ ਦੀ ਲੋੜ ਨੂੰ ਵੇਖਦੇ ਹੋਏ ਇਹ ਫੈਸਲਾ ਕੀਤਾ ਗਿਆ ਕਿ ਇਹਨਾਂ ਨੂੰ ਬਣਾਉਣ ਲਈ ਇਕ ਫੈਕਟਰੀ ਲਗਾਈ ਜਾਵੇ। ਇਸ ਲਈ ਅਮਰੀਕਾ ਦੀ ਕੰਪਨੀ 'Messers Le Tourneau Westing House' ਨਾਲ ਸਮਝੌਤਾ ਕੀਤਾ ਗਿਆ। ਇਹ ਵੀ ਫੈਸਲਾ ਕੀਤਾ ਗਿਆ ਕਿ ਇਹ ਫੈਕਟਰੀ ਕੋਲਾਰ ਸੋਨਾ ਖਾਨਾਂ ਵਿਖੇ ਲਗਾਈ ਜਾਵੇ ਇਹ ਕੰਪਨੀ 11 ਮਈ 1964 ਨੂੰ ਰਜਿਸਟਰਡ ਕੀਤੀ ਗਈ। 1993-94 ਵਿਚ ਭਾਰਤ ਸਰਕਾਰ ਵਲੋਂ BEML ਨੂੰ ਸਭ ਤੋਂ ਵੱਧ ਨਿਰਯਾਤ ਪ੍ਰਦਾਨ ਕੀਤਾ ਗਿਆ।

### (VI) ਭਾਰਤ ਡਾਇਨਾਮਿਕਸ ਲਿਮਟਿਡ (Bharat Dynamics Limited)

ਇਹ ਇਕਾਈ 1970 ਵਿੱਚ ਸਥਾਪਿਤ ਕੀਤੀ ਗਈ ਜਿਸ ਦਾ ਮੁੱਖ ਕੰਮ 'Anti Tank Missile' ਬਣਾਉਣਾ ਸੀ ਅਤੇ ਬਾਅਦ ਵਿਚ ਰੱਖਿਆ ਸੈਨਾਵਾਂ ਲਈ ਲੋੜੀਂਦੀਆਂ 'Guided Missiles' ਬਣਾਉਣਾ ਸੀ।

### (VII) ਮਿਸ਼ਰਾ ਧਾਤੂ ਨਿਗਮ ਲਿਮਟਿਡ (Mishra Dhatu Nigam Limited)

MDNL 1973 ਵਿਚ ਸਥਾਪਿਤ ਕੀਤੀ ਗਈ। ਇਸ ਦਾ ਕੰਮ ਪਬਲਿਕ ਸੈਕਟਰ ਦੇ ਕਾਰਖਾਨਿਆਂ ਨੂੰ ਉਹ ਧਾਤ ਸਪਲਾਈ ਕਰਨਾ ਸੀ ਜਿਹੜਾ ਕਿ ਜਹਾਜ਼ ਦੇ ਪੁਰਜ਼ੇ-ਰਾਕਟ-ਮਿਜ਼ਾਈਲ ਆਦਿ ਬਣਾਉਣ ਦੇ ਕੰਮ ਆਉਂਦਾ ਸੀ। ਪਹਿਲਾਂ ਇਹ ਸਾਰਾ ਸਮਾਨ ਫਰਾਂਸ ਅਤੇ ਪੱਛਮੀ ਜਰਮਨੀ ਤੋਂ ਮੰਗਵਾਇਆ ਜਾਂਦਾ ਸੀ।

### (VIII) ਗੋਆ ਸ਼ਿਪਯਾਰਡ ਲਿਮਿਟਡ (Goa Shipyard Limited (GSL)

ਗੋਆ ਸ਼ਿਪਯਾਰਡ ਨੇ 1 ਅਕੂਤਬਰ 1967 ਨੂੰ ਕੰਮ ਕਰਨਾ ਸ਼ੁਰੂ ਕੀਤਾ ਸੀ। GSL ਵਿਚ ਛੋਟੇ ਅਤੇ ਮੀਡਿਅਮ ਆਕਾਰ ਦੇ ਸਮੁੰਦਰੀ ਜਹਾਜ਼ ਬਣਾਏ ਜਾਂਦੇ ਹਨ ਤੇ ਮੁਰੰਮਤ ਕੀਤੀ ਜਾਂਦੀ ਹੈ।

### 4. ਸ਼ਹਿਰੀ ਉਦਯੋਗ (Civil Industries)

ਸ਼ਹਿਰੀ ਸਿਵਲ ਉਦਯੋਗਾਂ ਤੋਂ ਵੀ ਹੁਣ ਰੱਖਿਆ ਉਤਪਾਦਨ ਦਾ ਕੰਮ ਲੈਣਾ ਸ਼ੁਰੂ ਕਰ ਦਿੱਤਾ ਸੀ। ਕੁਝ ਪ੍ਰਾਈਵੇਟ ਕੰਪਨੀਆਂ ਨੇ ਰੱਖਿਆ ਸਮਾਨ ਬਣਾਉਣ ਵਿੱਚ ਕਾਫ਼ੀ ਯੋਗਦਾਨ ਪਾਇਆ ਹੈ ਪਰ ਉਤਪਾਦਨ ਵਿਚ ਤੇਜ਼ੀ ਲਿਆਉਣ ਲਈ ਇਹਨਾਂ ਨੂੰ ਹੋਰ ਵੀ ਯੋਗਦਾਨ ਪਾਉਣਾ ਚਾਹੀਦਾ ਹੈ। ਇਨ੍ਹਾਂ ਨੂੰ ਮੁਸ਼ਕਲ ਇਹ ਆਉਂਦੀ ਹੈ ਕਿ ਰੱਖਿਆ ਸੈਨਾਵਾਂ ਇਹਨਾਂ ਉੱਤੇ ਸਮਾਨ ਤਿਆਰ ਕਰਨ ਲਈ ਬਹੁਤ ਸਖਤ ਸ਼ਰਤਾਂ ਲਗਾ ਦਿੰਦੀਆਂ ਹਨ।

ਰੱਖਿਆ ਉਤਪਾਦਨ ਤਿਆਰ ਕਰਨ ਵਾਲੀਆਂ ਫੈਕਟਰੀਆਂ ਉੱਤੇ ਬੋਝ ਘਟਾਉਣ ਲਈ ਸਰਕਾਰ ਨੇ ਨਵੀਂ ਨੀਤੀ ਅਧੀਨ ਪ੍ਰਾਈਵੇਟ ਕੰਪਨੀਆਂ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ ਬਣਾਈ ਹੈ। ਇਹਨਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਸਰਕਾਰ ਨੇ ਇਹਨਾਂ ਨੂੰ ਤਕਨੀਕੀ ਸਿੱਖਿਆ ਅਤੇ ਆਰਥਿਕ ਮਦਦ ਦੇਣ ਦੀ ਯੋਜਨਾ ਵੀ ਬਣਾਈ ਹੈ।

### 5. ਪ੍ਰਮਾਣੂ ਖੇਤਰ (Nuclear Arena)

ਭਾਰਤ ਦਾ ਪ੍ਰਮਾਣੂ ਕਲੱਬ ਵਿੱਚ ਉਦੋਂ ਦਾਖਲਾ ਹੋਇਆ, ਜਦੋਂ ਇਸ ਨੇ 18 ਮਈ 1974 ਨੂੰ ਇਕ ਪ੍ਰਮਾਣੂ ਧਮਾਕਾ ਕੀਤਾ। ਭਾਰਤ ਨੇ ਇਹ ਐਲਾਨ ਕੀਤਾ ਕਿ ਉਹ ਪ੍ਰਮਾਣੂ ਸ਼ਕਤੀ ਨੂੰ ਸ਼ਾਂਤੀ ਪੂਰਵਕ ਕੰਮਾਂ ਲਈ

ਵਰਤੇਗਾ ਪਰ ਨਾ ਹੀ ਇਸ ਨੇ ਪ੍ਰਮਾਣੂ ਅਪ੍ਰਸਾਰ ਸੰਧੀ (NPT) ਤੇ ਦਸਤਖਤ ਕੀਤੇ ਹਨ ਅਤੇ ਨਾਲ ਹੀ ਇਹ ਕਿਹਾ ਕਿ ਉਹ ਆਪਣੇ ਰੱਖਿਆ ਕੰਮਾਂ ਲਈ ਇਸ ਨੂੰ ਨਹੀਂ ਵਰਤੇਗਾ। ਇਸ ਸਮੇਂ ਦੇਸ਼ ਪ੍ਰਮਾਣੂ ਸ਼ਕਤੀ ਵਿੱਚ ਆਤਮ ਨਿਰਭਰ ਹੈ। ਇਸ ਵਕਤ ਦੇਸ਼ ਪ੍ਰਮਾਣੂ ਸ਼ਕਤੀ ਤੋਂ ਬਿਜਲੀ ਬਣਾ ਰਿਹਾ ਹੈ ਅਤੇ ਪ੍ਰਮਾਣੂ ਬਿਜਲੀ ਪਲਾਂਟ ਲਗਾਏ ਜਾ ਰਹੇ ਹਨ ਅਤੇ ਇਸ ਨੂੰ ਮੈਡੀਕਲ ਅਤੇ ਉਦਯੋਗਿਕ ਖੇਤਰਾਂ ਵਿਚ ਵਰਤਿਆ ਜਾ ਰਿਹਾ ਹੈ।

ਇਸ ਵੇਲੇ ਦੇਸ਼ ਵਿਚ ਬਹੁਤ ਵਧੀਆ ਖੋਜ ਕੇਂਦਰ ਅਤੇ ਉਦਯੋਗਿਕ ਇਕਾਈਆਂ ਹਨ ਜੋ ਸਾਰੀਆਂ ਪ੍ਰਮਾਣੂ ਜ਼ਰੂਰਤਾਂ ਪੂਰੀਆਂ ਕਰ ਸਕਦੀਆਂ ਹਨ। 1963 ਵਿੱਚ ਪ੍ਰਮਾਣੂ ਊਰਜਾ ਵਿਭਾਗ ਵਲੋਂ ਕਸ਼ਮੀਰ ਵਿੱਚ ਗੁਲਮਰਗ ਵਿਖੇ ਇਕ ਖੋਜ ਪ੍ਰਯੋਗਸ਼ਾਲਾ ਸਥਾਪਿਤ ਕੀਤੀ ਗਈ ਹੈ।

ਪਹਿਲਾਂ ਪ੍ਰਮਾਣੂ ਸ਼ਕਤੀ ਕੇਂਦਰ 400 MNC ਤਾਰਾਪੁਰ ਵਿਖੇ ਅਮਰੀਕਾ ਦੀ ਮਦਦ ਨਾਲ ਲਗਾਇਆ ਗਿਆ ਅਤੇ ਇਹ ਅਕਤੂਬਰ 1969 ਤੋਂ ਕੰਮ ਕਰ ਰਿਹਾ ਹੈ। ਦੂਜਾ ਪ੍ਰਮਾਣੂ ਸ਼ਕਤੀ ਕੇਂਦਰ 400 MNC ਰਾਜਸਥਾਨ ਵਿਖੇ ਲਗਾਇਆ ਗਿਆ ਜੋ ਪ੍ਰਮਾਣੂ ਸ਼ਕਤੀ ਵਿਭਾਗ ਦੇ ਇੰਜੀਨੀਅਰਿੰਗ ਡਵੀਜ਼ਨ ਨੇ ਲਗਾਇਆ ਹੈ।

ਭਾਰਤ ਦੀ ਪ੍ਰਮਾਣੂ ਨੀਤੀ ਇਸ ਲਈ ਜ਼ਿਆਦਾ ਅਸਰਦਾਰ ਹੈ ਕਿਉਂਕਿ ਹੁਣ ਇਸ ਨੇ ਕਈ ਮਿਜ਼ਾਇਲਾਂ ਅਤੇ ਸੈਟੇਲਾਈਟ ਬਣਾਏ ਹਨ, ਜਿਨ੍ਹਾਂ ਰਾਹੀਂ ਹਥਿਆਰ ਵੀ ਵਰਤੇ ਜਾ ਸਕਦੇ ਹਨ। ਮਾਰਚ 1991 ਵਿਚ ਧਰਤੀ ਤੋਂ ਧਰਤੀ ਤੇ ਮਾਰ ਕਰਨ ਵਾਲੀ ਮਿਜ਼ਾਇਲ 'ਪ੍ਰਿਥਵੀ' ਬਣਾਈ ਗਈ ਜੋ ਕਿ 1100-2200 ਕਿਲੋ ਵਜਨ ਦੀ ਸੀ ਅਤੇ 130 ਤੋਂ 500 ਕਿਲੋਮੀਟਰ ਦੀ ਦੂਰੀ ਤੇ ਮਾਰ ਕਰ ਸਕਦੀ ਹੈ। ਇਸ ਦੇ ਨਾਲ ਸਪੇਸ ਕਰਾਫ਼ਟ ਪੁਲਾੜ ਵਿੱਚ ਭੇਜੇ ਜਾ ਸਕਦੇ ਹਨ ਅਤੇ ਬੰਬ ਲਿਜਾਣ ਦਾ ਕੰਮ ਵੀ ਆ ਸਕਦੀ ਹੈ। ਇਸ ਤੋਂ ਪਹਿਲਾਂ 'ਅਗਨੀ' ਟੈਸਟ ਕੀਤੀ ਗਈ ਸੀ। ਇਸ ਤੋਂ ਇਲਾਵਾ – 'ਆਕਾਸ਼' ਅਤੇ 'ਤ੍ਰਿਸ਼ੂਲ' ਦੋਨੋਂ ਧਰਤੀ ਤੋਂ ਹਵਾ ਵਿੱਚ ਮਾਰ ਕਰਨ ਵਾਲੀਆਂ ਮਿਜ਼ਾਇਲਾਂ ਹਨ। 'ਨਾਗ' ਐਂਟੀ ਟੈਂਕ ਮਿਜ਼ਾਇਲ ਵੀ ਬਣਾਈ ਹੈ। ਇਹਨਾਂ ਦੇ ਉਤਪਾਦਨ ਨਾਲ ਭਾਰਤ ਇਹ ਨਹੀਂ ਕਹਿ ਸਕਦਾ ਕਿ ਇਹ ਸਭ ਕੁਝ ਸ਼ਾਂਤੀ ਪੂਰਵਕ ਕੰਮਾਂ ਲਈ ਹੈ। ਅੱਜ ਭਾਰਤ ਕੋਲ ਬ੍ਰਹਮੋਜ਼, ਅਗਨੀ ਵਰਗੀਆਂ ਵੱਡੀਆਂ ਮਿਜ਼ਾਇਲਾਂ ਹਨ ਜੋ ਭਾਰਤ ਨੂੰ ਸੁਰੱਖਿਆ ਤਾਂ ਪ੍ਰਦਾਨ ਕਰਦੀਆਂ ਹਨ ਪਰ ਨਾਲ ਹੀ ਉਸਨੂੰ ਇਕ ਵਿਕਾਸ ਕਰ ਰਹੇ ਸ਼ਕਤੀਸ਼ਾਲੀ ਦੇਸ਼ ਵਜੋਂ ਵੀ ਦਰਸਾਉਂਦੀਆਂ ਹਨ।

### ਸਾਰ ਅੰਸ਼

ਭਾਰਤ ਦੇ ਰੱਖਿਆ ਉਤਪਾਦਨ ਦਾ ਵਿਸਥਾਰ ਪੂਰਵਕ ਅਧਿਐਨ ਕਰਨ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਭਾਰਤ ਦਾ ਰੱਖਿਆ ਉਤਪਾਦਨ, ਦੇਸ਼ ਦੀਆਂ ਹਾਲਤਾਂ ਅਤੇ ਸੋਮਿਆਂ ਦੇ ਮੁਤਾਬਕ ਕਾਫ਼ੀ ਚੰਗਾ ਹੈ ਪਰ ਨਾ ਤਾਂ ਇਹ ਭਾਰਤ ਦੀਆਂ ਲੋੜਾਂ ਤਕਨੀਕੀ ਪੱਧਰ ਤੇ ਅਤੇ ਨਾ ਹੀ ਗਿਣਤੀ ਦੇ ਪੱਧਰ ਤੇ ਪੂਰੀਆਂ ਕਰ ਸਕਦਾ ਹੈ, ਕਿਉਂਕਿ ਜੋ ਅੱਜ ਤਕਨੀਕ ਨਵੀਂ ਹੈ ਉਹ ਕਲ੍ਹ ਪੁਰਾਣੀ ਹੋ ਜਾਵੇਗੀ। ਤਕਨੀਕੀ ਖੋਜ ਦੇ ਮੁਕਾਬਲੇ ਭਾਰਤ ਪੱਛਮੀ ਦੇਸ਼ਾਂ ਨਾਲੋਂ ਬਹੁਤ ਪਿੱਛੇ ਹੈ। ਜਿਸ ਨੂੰ ਸੁਧਾਰਨ ਦੇ ਲਈ ਭਾਰਤ ਨੂੰ ਖੋਜ ਉਪਰ ਹੋਰ ਧਿਆਨ ਕੇਂਦਰਤ ਕਰਨਾ ਪਵੇਗਾ। ਪਰ ਖੇਤਰੀ ਹਾਲਤਾਂ ਨੂੰ ਦੇਖਦੇ ਹੋਏ ਭਾਰਤ ਦੀ ਰੱਖਿਆ ਉਤਪਾਦਨ ਦੀ ਤੁਲਨਾ ਪਾਕਿਸਤਾਨ ਅਤੇ ਚੀਨ ਨਾਲ ਕੀਤੀ ਜਾਣੀ ਚਾਹੀਦੀ ਹੈ। ਚੀਨ ਭਾਰਤ ਦੇ ਮੁਕਾਬਲੇ ਰੱਖਿਆ ਵਿੱਚ ਬਹੁਤ ਅੱਗੇ ਹੈ ਅਤੇ ਵੱਡੀ ਮਾਤਰਾ ਵਿੱਚ ਹਥਿਆਰ ਨਿਰਯਾਤ ਕਰਦਾ ਹੈ। ਪਰ ਪਾਕਿਸਤਾਨ ਦੇ ਮੁਕਾਬਲੇ ਭਾਰਤ ਦੀ ਹਾਲਤ ਕਾਫ਼ੀ ਮਜ਼ਬੂਤ ਹੈ ਕਿਉਂਕਿ ਜੇ ਅਸੀਂ ਕੁਝ ਸੋਮਿਆਂ ਨੂੰ ਦੇਖੀਏ ਤਾਂ ਪਾਕਿਸਤਾਨ ਦੇ ਮੁਕਾਬਲੇ ਭਾਰਤ ਕੋਲ 10 ਗੁਣਾਂ ਜ਼ਿਆਦਾ ਕੁਦਰਤੀ ਸੋਮੇ ਹਨ। ਭਾਰਤ ਦੀ ਨੀਤੀ ਪਾਕਿਸਤਾਨ ਦੇ ਮੁਕਾਬਲੇ ਇਕ ਹੋਰ ਪੱਖ ਤੋਂ ਵੀ ਵਧੀਆ ਹੈ। ਭਾਰਤ ਜਦੋਂ ਵੀ ਬਾਹਰ ਕਿਸੇ ਦੇਸ਼ ਤੋਂ ਹਥਿਆਰ ਜਾਂ ਸਾਜੋ-ਸਮਾਨ ਖਰੀਦਦਾ ਹੈ ਤਾਂ ਉਹਨਾਂ ਹਥਿਆਰਾਂ ਦੀ ਤਕਨੀਕ ਵੀ ਨਾਲ ਲੈਣ

ਦੀ ਕੋਸ਼ਿਸ਼ ਕਰਦਾ ਹੈ ਤਾਂ ਕਿ ਭਵਿੱਖ ਵਿੱਚ ਹੋਰ ਹਥਿਆਰ ਅਤੇ ਸਾਜੋ-ਸਮਾਨ ਦੇਸ਼ ਦੇ ਅੰਦਰ ਹੀ ਬਣਾਏ ਜਾਣ ਅਤੇ ਪੁਰਾਣਿਆਂ ਦੀ ਮੁਰੰਮਤ ਲਈ ਚਾਹੀਦੇ ਪੁਰਜ਼ੇ ਆਸਾਨੀ ਨਾਲ ਉਪਲਬੱਧ ਹੋ ਜਾਣ।

ਆਉਣ ਵਾਲੇ ਸਮੇਂ ਵਿੱਚ ਭਾਰਤ ਰੱਖਿਆ ਉਤਪਾਦਨ ਲਈ ਜੋ ਨੀਤੀ ਤਿਆਰ ਕਰੇਗਾ ਜਾਂ ਬਦਲਾਅ ਕਰੇਗਾ, ਉਹੀ ਨੀਤੀ, ਬਦਲੀਆਂ ਅੰਤਰ ਰਾਸ਼ਟਰੀ ਹਾਲਤਾਂ, ਵਿੱਤੀ ਹਾਲਤਾਂ, ਤਕਨੀਕੀ ਅਤੇ ਵਿਚਾਰਧਾਰਕ ਪੱਖਾਂ ਤੋਂ ਜ਼ਰੂਰ ਪ੍ਰਭਾਵਿਤ ਹੋਵੇਗੀ ਤਾਂ ਹੀ ਭਾਰਤ ਆਪਣੇ ਗੋਰਵ ਅਤੇ ਸਥਿਰਤਾ ਨੂੰ ਕਾਇਮ ਰੱਖ ਸਕੇਗਾ।

## ਪੜ੍ਹਨ ਲਈ ਹੋਰ ਪੁਸਤਕਾਂ


Ron Mathews : *Defence Production in India*

Col. R. Rama Rao : *Self Reliance and Security-Role of Defence Production*

S. S. Khera : *India's Defence Problems.*



Type Setting :
Department of Distance Education, Punjabi University, Patiala.